

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 26

October 9, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




Ambedkar Times and Desh Doaba Forum pay floral tributes to the fond memory and momentous work that Sahib Shri Kanshi Ram Ji had done for his people and Society on his anniversary!!

**P.K. Chumber, Editor-in-Chief**

# ਸੰਦੀਪ ਸਿੰਘ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ

## ਹਜ਼ਾਰਾਂ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕ ਹੋਏ ਸ਼ਾਮਲ





**ਹਿਊਸਟਨ, ਟੈਕਸਸ( ਹੁਸਨ ਲੜੋਆ ਬੰਗਾ)–** ਅਮਰੀਕਨ ਸਿੱਖ ਪੁਲੀਸ ਅਫਸਰ ਸੰਦੀਪ ਸਿੰਘ ਧਾਲੀਵਾਲ ਜਿਨਾਂ ਨੂੰ ਬੀਤੇ ਦਿਨੀਂ ਇੱਕ ਸਿਰ ਫਿਰੇ ਵਿਆਕਤੀ ਵਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਅੱਜ ਸਿਰਫ ਹਿਊਸਟਨ ਹੀ ਨਹੀ ਸਗੋਂ ਪੂਰੇ ਅਮਰੀਕਾ ਨੇ ਉਨਾਂ ਦੇ ਅੰਤਮ ਸੰਸਕਾਰ ਤੇ ਸਰਧਾਂਜਲੀ ਭੇਂਟ ਕੀਤੀ ਤੇ ਹਜਾਰਾਂ ਦੀ ਤਦਾਦ ਨਾਲ ਸਥਾਨਕ ਪੁਲਿਸ ਅਧਿਕ–ਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਅੰਤਮ ਸਰਕਾਰੀ ਪ੍ਰਕਿਰਿਆ ਤੇ ਸਿੱਖ ਰਹਿਤ ਮੁਰਿਆਦਾ ਨਾਲ ਕੀਤੇ ਅੰਤਿਮ 'ਚ ਸਮੂਲੀਅਤ ਕੀਤੀ।ਇਸ ਦੌਰਾਨ ਲੋਕ ਸੇਜਲ ਅੱਖਾਂ ਨਾਲ ਸਥਾਨਕ ਵਸਨੀਕ ਸੰਦੀਪ ਸਿੰਘ ਧਾਲੀਵਾਲ ਨੂੰ "ਨਿਮਰ" ਅਤੇ "ਨਿਡਰ" ਵਜੋਂ ਸਨਮਾਨਿਤ ਕਰਨ ਲਈ ਦਿਨ ਭਰ ਦੀਆਂ ਚਲੀਆਂ ਰਸਮਾਂ ਚ ਸ਼ਾਮਿਲ ਹੋਣ ਲਈ ਪਹੁੰਚੇ ।


**(ਬਾਕੀ ਸਫਾ 8 'ਤੇ)**





ਸੰਦੀਪ ਸਿੰਘ ਧਾਲੀਵਾਲ ਨੂੰ ਸੈਕਰਾਮੈਂਟੋ ਵਿਖੇ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ




ਸੰਦੀਪ ਸਿੰਘ ਧਾਲੀਵਾਲ ਨੂੰ ਯੂਬਾ ਸਿਟੀ ਵਿਖੇ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ

ਬੀਤੇ ਦਿਨੀਂ 4 ਅਕਤੂਬਰ ਨੂੰ ਸੈਕਰਾਮੈਂਟੋ, 5 ਅਕਤੂਬਰ ਨੂੰ ਯੂਬਾ ਸਿਟੀ ਅਤੇ 7 ਅਕਤੂਬਰ ਨੂੰ ਐਲਕ ਗਰੋਵ ਵਿਖੇ ਡਿਪਟੀ ਸ਼ੈਰਿਫ ਸ. ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਅਦਾਰਾ 'ਦੇਸ਼ ਦੁਆਬਾ' 'ਚ ਵਿਸ਼ੇਸ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

# ਅਮਰੀਕਾ 'ਚ ਰਹਿਣਾ ਹੈ ਤਾਂ ਚੁੱਕਣਾ ਪਵੇਗਾ ਹੈਲਥਕੇਅਰ ਦਾ ਖ਼ਰਚ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਸਰਕਾਰ ਉਨ੍ਹਾਂ ਪਰਵਾਸੀਆਂ ਨੂੰ ਵੀਜ਼ਾ ਨਹੀਂ ਦੇਵੇਗੀ, ਜੋ ਇੱਥੋਂ ਦੇ ਸਥਾਈ ਨਿਵਾਸੀ ਬਣਨ ਤੋਂ ਬਾਅਦ ਆਪਣੇ ਸਿਹਤ ਸਬੰਧੀ ਖ਼ਰਚੇ ਨਹੀਂ ਉਠਾ ਸਕਦੇ ਹਨ ਜਾਂ ਸਿਹਤ ਬੀਮਾ ਲੈਣ 'ਚ ਅਸਮਰੱਥ ਹਨ। ਵੀਜ਼ਾ ਨਿਯਮਾਂ ਨੂੰ ਸਖ਼ਤ ਕਰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਬੰਧ 'ਚ ਇਕ ਮੈਨੀਫੈਸਟੋ ਜਾਰੀ ਕੀਤਾ ਹੈ। ਇਹ ਵਿਵਸਥਾ ਆਉਣ ਵਾਲੀ ਤਿੰਨ ਨਵੰਬਰ ਤੋਂ ਲਾਗੂ ਹੋ ਜਾਵੇਗੀ। ਅਮਰੀਕਾ 'ਤੇ ਵਧਦੇ ਜਾਇਜ਼ ਤੇ ਨਾਜਾਇਜ਼ ਪਰਵਾਸੀਆਂ ਦਾ ਬੋਝ ਘੱਟ ਕਰਨਾ 2016 ਦੀਆਂ ਚੋਣਾਂ 'ਚ ਟਰੰਪ ਦਾ ਅਹਿਮ ਮੁੱਦਾ ਰਿਹਾ ਹੈ। ਤਾਜ਼ਾ ਕਦਮ ਨਾਲ ਉਹ ਜਾਇਜ਼ ਪਰਵਾਸ 'ਤੇ ਸ਼ਿਕੰਜਾ ਕੱਸਣਾ ਚਾਹੁੰਦੇ ਹਨ। ਉਨ੍ਹਾਂ ਦੇ ਇਸ ਕਦਮ ਨਾਲ ਹਜ਼ਾਰਾਂ ਭਾਰਤੀ ਵੀ ਪ੍ਰਭਾਵਿਤ ਹੋਣਗੇ।

ਅਮਰੀਕਾ 'ਚ ਸਥਾਈ ਤੌਰ 'ਤੇ ਰਹਿਣ ਦੀ ਇਜਾਜ਼ਤ ਯਾਨੀ ਗ੍ਰੀਨ ਕਾਰਡ ਹਾਸਲ ਕਰਨ ਲਈ ਪਹਿਲਾਂ ਪੀਆਰ ਵੀਜ਼ਾ ਲੈਣਾ ਜ਼ਰੂਰੀ ਹੈ। ਨਵਾਂ ਨਿਯਮ ਲਾਗੂ ਹੋ ਜਾਣ ਤੋਂ ਬਾਅਦ ਵੀਜ਼ਾ ਬਿਨੈ ਦੇ ਸਮੇਂ ਬਿਨੈਕਾਰ ਨੂੰ ਦੱਸਣਾ ਪਵੇਗਾ ਕਿ ਉਹ ਅਮਰੀਕਾ



ਪਹੁੰਚਣ ਤੋਂ 30 ਦਿਨ ਦੇ ਅੰਦਰ ਕਿਸ ਤਰ੍ਹਾਂ ਆਪਣੇ ਹੈਲਥ ਕੇਅਰ ਦਾ ਖ਼ਰਚਾ ਚੁੱਕਣਗੇ। ਵ੍ਹਾਈਟ ਹਾਊਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਬਿਨੈਕਾਰ ਸੰਤੋਖਜਨਕ ਜਵਾਬ ਜਾਂ ਸਬੂਤ ਨਹੀਂ ਦੇ ਸਕੇ ਤਾਂ ਉਨ੍ਹਾਂ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਨਵੇਂ ਨਿਯਮ ਵਿਦਿਆਰਥੀ ਵੀਜ਼ਾ ਤੇ ਸ਼ਰਨਾਰਥੀਆਂ 'ਤੇ ਲਾਗੂ ਨਹੀਂ ਹੋਣਗੇ।

ਆਪਣੇ ਕਦਮ ਨੂੰ ਸਹੀ ਠਹਿਰਾਉਂਦੇ ਹੋਏ ਟਰੰਪ ਦਾ ਕਹਿਣਾ ਹੈ ਕਿ ਅਮਰੀਕੀ ਨਾਗਰਿਕਾਂ ਦੀ ਤੁਲਨਾ 'ਚ ਤਿੰਨ ਗੁਣਾ ਜਾਇਜ਼ ਪਰਵਾਸੀ ਅਜਿਹੇ ਹਨ, ਜਿਨ੍ਹਾਂ ਕੋਲ ਨਾ ਤਾਂ ਕੋਈ ਸਿਹਤ ਬੀਮਾ ਹੈ ਤੇ ਨਾ ਹੀ ਉਹ ਆਪਣਾ ਹੈਲਥਕੇਅਰ ਦਾ ਖ਼ਰਚ ਚੁੱਕਣ 'ਚ ਸਮਰੱਥ ਹਨ। ਟਰੰਪ ਦੀ ਗੱਲ ਪੁਸ਼ਟ ਕਰਨ ਲਈ ਅਧਿਕਾਰੀਆਂ ਨੇ ਕੈਸ਼ਰ ਫੈਮਿਲੀ ਫਾਊਂਡੇਸ਼ਨ ਦੇ ਅਧਿਐਨ ਦਾ ਹਵਾਲਾ ਵੀ ਦਿੱਤਾ। ਇਸ ਅਧਿਐਨ ਮੁਤਾਬਕ, ਅੱਠ ਫ਼ੀਸਦੀ ਅਮਰੀਕੀਆਂ ਦੇ ਮੁਕਾਬਲੇ 23 ਫ਼ੀਸਦੀ ਜਾਇਜ਼ ਪਰਵਾਸੀਆਂ ਨੇ ਸਿਹਤ ਬੀਮਾ ਨਹੀਂ ਕਰਵਾਇਆ ਹੈ। ਟਰੰਪ ਨੇ ਕਿਹਾ, 'ਜਿਨ੍ਹਾਂ ਪਰਵਾਸੀਆਂ ਕੋਲ ਸਿਹਤ ਬੀਮਾ ਨਹੀਂ ਹੁੰਦਾ ਹੈ, ਉਹ ਸਾਡੇ ਦੇਸ਼ ਦੇ ਹੈਲਥਕੇਅਰ ਸਿਸਟਮ, ਹਸਪਤਾਲਾਂ ਤੇ ਆਖ਼ਰ ਟੈਕਸਦਾਤਾਵਾਂ 'ਤੇ ਬੋਝ ਬਣ ਜਾਂਦੇ ਹਨ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# ਸੈਕਰਾਮੈਂਟੋ 'ਚ ਟਰੱਕ ਸ਼ੋਅ ਨੂੰ ਭਰਵਾਂ ਹੁੰਗਾਰਾ










































## Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

**Call : Dharminder Singh**

Email: myfuturetruck@gmail.com Cell : 530-870-6600


ਕਾਲ ਐਕਸਪੋ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸ੍ਰੀ ਰਮਨ ਢਿੱਲੋਂ ਵੱਲੋਂ ਅਮੈਰਿਕਨ ਟਰੱਕ ਸ਼ੋਅ ਪਹਿਲੀ ਵਾਰ 5, 6, 7 ਅਕਤੂਬਰ 2019 ਨੂੰ ਕੀਤਾ ਗਿਆ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਸੁਨਹਿਰੀ ਮੌਕੇ ਗੋਲਡਨ ਸਟੇਟ ਟਰੱਕ ਸੇਲਜ਼ ਇੰਕ ਦੇ ਪ੍ਰਧਾਨ ਸ੍ਰੀ ਧਰਮਿੰਦਰ ਸਿੰਘ ਵੱਲੋਂ ਇਕ ਸਪੈਸ਼ਲ ਬੂਥ ਲਗਾ ਕੇ ਟਰੱਕਰ ਵੀਰਾਂ ਨੂੰ ਟਰੱਕਿੰਗ ਸਬੰਧਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਨਾਲ ਸ਼ੋਅ ਪ੍ਰਤੀ ਗੱਲਬਾਤ ਕਰਦਿਆਂ ਸ੍ਰੀ ਰਮਨ ਢਿੱਲੋਂ ਅਤੇ ਸ੍ਰੀ ਧਰਮਿੰਦਰ ਸਿੰਘ ਨੇ ਕਿਹਾ ਕਿ ਇਸ ਟਰੱਕ ਮੇਲੇ ਨੂੰ ਦੇਖਣ ਲਈ ਦੂਰੋਂ-ਦੂਰੋਂ ਲੋਕ ਆਏ ਅਤੇ ਇਹ ਇਸੇ ਤਰ੍ਹਾਂ ਆਉਣ ਵਾਲੇ ਸਾਲਾਂ ਵਿਚ ਲੱਗਦਾ ਰਹੇਗਾ। ਸ੍ਰੀ ਧਰਮਿੰਦਰ ਸਿੰਘ ਜੀ ਨੇ ਪੰਜਾਬੀ ਸੁਭਾਅ ਮੁਤਾਬਕ ਆਪਣੇ ਬੂਥ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੇ ਨਾਲ ਨਾਲ ਚਾਹ ਦਾ ਵੀ ਲੰਗਰ ਲਗਾਇਆ ਗਿਆ। ਪੇਸ਼ ਹਨ 'ਦੇਸ਼ ਦੁਆਬਾ' ਦੁਆਰਾ ਲਈਆਂ ਗਈਆਂ ਟਰੱਕ ਮੇਲੇ ਦੀਆਂ ਕੁਝ ਯਾਦਗਾਰੀ ਤਸਵੀਰਾਂ


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਹਰ ਸਾਲ 15 ਅਗਸਤ ਤਕ ਵਿਦੇਸ਼ੀ ਵਿਦਿਆਰਥੀਆਂ ਨੂੰ ਦਿੱਤੀ ਜਾਵੇ ਸੂਚਨਾ : ਸੁਪਰੀਮ ਕੋਰਟ

**ਨਵੀਂ ਦਿੱਲੀ (ਬਿਊਰੋ)–** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਪਾਂਸਰ ਸ਼੍ਰੇਣੀ 'ਚ ਐੱਮਬੀਬੀਐੱਸ ਦਾਖ਼ਲਾ ਮਾਮਲੇ 'ਚ ਨਿ-ਰਦੇਸ਼ ਦਿੱਤਾ ਹੈ ਕਿ ਉਹ ਹਰ ਸਾਲ ਦਾਖ਼ਲੇ ਦੀ ਆਖਰੀ ਤਰੀਕ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਚੁਣੇ ਗਏ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲੇ ਦੀ ਸੂਚਨਾ ਦੇਵੇਗੀ। ਅਦਾਲਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਹਰੇਕ ਸਾਲ ਦਾਖ਼ਲੇ ਲਈ ਵਿਦਿਆਰਥੀਆਂ ਦੇ ਨਾਂ ਮਨਜ਼ੂਰ ਕੀਤੇ ਜਾਣ ਦੀ ਸੂਚਨਾ ਵਿਦਿਆਰਥੀਆਂ ਨੂੰ 15 ਅਗਸਤ ਤਕ ਦੇ ਦੇਵੇਗੀ। ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਇਸ ਲਈ ਦਿੱਤੇ ਤਾਂ ਜੋ ਦੇਰ ਨਾਲ ਸੂਚਨਾ ਮਿਲਣ ਕਾਰਨ ਵਿਦੇਸ਼ੀ ਵਿਦਿਆਰਥੀ ਦਾਖ਼ਲੇ ਤੋਂ ਵਾਂਝੇ ਨਾ ਰਹਿ ਜਾਣ। ਇਸ ਦੇ ਨਾਲ ਹੀ ਅਦਾਲਤ ਨੇ ਆਖ਼ਰੀ ਤਰੀਕ ਬੀਤਣ ਤੋਂ ਬਾਅਦ ਸੱਤ ਵਿਦੇਸ਼ੀ ਵਿਦਿਆਰਥੀਆਂ ਨੂੰ ਏਮਸ 'ਚ ਦਾਖ਼ਲਾ ਦੇਣ ਦਾ ਹੁਕਮ ਦਿੱਤਾ।

ਇਹ ਮਾਮਲਾ ਸਪਾਂਸਰ ਸ਼੍ਰੇਣੀ ਤੋਂ ਵਿਕਸਤ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਏਮਸ 'ਚ ਐੱਮ ਬੀ ਬੀ ਐੱਸ ਕੋਰਸ 'ਚ ਦਾਖ਼ਲ ਕੀਤਾ ਸੀ। ਆਖ਼ਰੀ ਤਰੀਕ ਕਾਰਨ ਏਮਸ ਵੱਲੋਂ ਦਾਖ਼ਲਾ ਦੇਣ ਤੋਂ ਮਨਾਂ ਕੀਤੇ ਜਾਣ ਤੋਂ ਬਾਅਦ ਵਿਦਿਆਰਥੀਆਂ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਸੀ। ਅਦਾਲਤ ਪੁੱਜੇ ਸੱਤ ਵਿਦੇਸ਼ੀ ਵਿਦਿਆਰਥੀਆਂ 'ਚ ਤਿੰਨ ਕੁੜੀਆਂ ਤੇ ਚਾਰ ਮੁੰਡੇ ਹਨ। ਜਿਸ 'ਚ ਇਕ ਈਰਾਨ, ਦੋ ਭੂਟਾਨ ਤੇ ਚਾਰ ਨੇਪਾਲ ਦੇ ਹਨ। ਜਸਟਿਸ ਐੱਲ. ਨਾਗੇਸ਼ਵਰ ਰਾਓ ਤੇ ਜਸਟਿਸ ਹੇਮੰਤ ਗੁਪਤਾ ਦੀ ਬੈਂਚ ਨੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਪਰੋਕਤ ਹੁਕਮ ਦਿੱਤੇ। ਈਰਾਨੀ ਵਿਦਿਆਰਥੀ ਆਰੋਫੀ ਕਿਗਨੀ ਦੇ ਵਕੀਲ ਆਰਕੇ ਗੁਪਤਾ ਨੇ ਅਦਾਲਤ ਨੂੰ ਏਮਸ ਨੂੰ ਦਾਖ਼ਲਾ ਲੈਣ ਦਾ ਹੁਕਮ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਵਿਦੇਸ਼ ਮੰਤਰਾਲੇ ਨੇ 30 ਅਗਸਤ ਨੂੰ ਦਾਖ਼ਲੇ ਲਈ ਵਿਦਿਆਰਥੀ ਦਾ ਨਾਂ ਮਨਜ਼ੂਰ ਹੋਣ ਦੀ ਸੂਚਨਾ ਭੇਜੀ ਸੀ। ਵਿਦੇਸ਼ ਤੋਂ ਇੱਥੇ ਆਉਮ 'ਚ ਸਮਾਂ ਲੱਗਦਾ ਹੈ। ਜਦੋਂ ਵਿਦਿਆਰਥੀ ਦੋ ਸਤੰਬਰ ਨੂੰ ਦਾਖ਼ਲਾ ਲੈਣ ਏਮਸ ਪਹੁੰਚੀ ਤਾਂ ਏਮਸ ਨੇ ਇਹ ਕਹਿੰਦਿਆਂ ਮਨਾਂ ਕਰ ਦਿੱਤਾ ਕਿ ਦਾਖ਼ਲੇ ਦੀ ਆਖਰੀ ਤਰੀਕ 31 ਅਗਸਤ ਬੀਚ ਚੁੱਕੀ ਹੈ।

ਗੁਪਤਾ ਨੇ ਕਿਹਾ ਕਿ ਵਿਦਿਆਰਥੀ ਦੀ ਕੋਈ ਗ਼ਲਤੀ ਨਹੀਂ ਹੈ ਫਿਰ ਵੀ ਉਸ ਨੂੰ ਦਾਖ਼ਲਾ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਬੈਂਚ ਨੂੰ ਬੀਤੇ ਸਾਲ ਦਾ ਹੁਕਮ ਦਿਖਾਇਆ ਜਿਸ 'ਚ ਅਦਾਲਤ ਨੇ ਅਜਿਹੇ ਹੀ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲੇ ਲਈ ਤਰੀਕ ਵਧਾਈ ਸੀ। ਨ

## ਸ. ਬਲਦੇਵ ਸਿੰਘ ਮੁੱਟਾ ਨੇ ਫਰਿਜ਼ਨੋ ਵਿਖੇ ਪਰਿਵਾਰਕ ਮਸਲਿਆਂ 'ਤੇ ਕੀਤੀ ਚਰਚਾ

**ਮੈਨਟੀਕਾ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਸ. ਬਲਦੇਵ ਸਿੰਘ ਮੁੱਟਾ ਜੋ 'ਪੰਜਾਬੀ ਕਮਿਊਨਟੀ ਹੈਲਥ ਸਰਵਿਸ' ਬਰੈਮਟਨ, ਉਨਟਾਰੀਉ, ਕਨੇਡਾ ਵਿੱਚ 28 ਸਾਲ ਤੋਂ ਵਧੀਕ ਸਮੇਂ ਦੇ ਲੱਗਭਗ ਬਤੌਰ ਸੀ.ਈ.ਓ. ਸੇਵਾਵਾਂ ਨਿਭਾ ਰਹੇ ਹਨ। ਉਹ ਪ੍ਰਦੇਸ਼ਾਂ ਵਿੱਚ ਸਾਡੇ ਪਰਿਵਾਰਾਂ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਸੁਲਝਾਉਣ ਵਿੱਚ ਲੱਗੇ ਹੋਏ ਹਨ। ਬਲਦੇਵ ਸਿੰਘ ਮੁੱਟਾ ਜੀ ਆਪਣੇ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਉੱਤੇ ਬੜੀ ਬੇਬਾਕੀ ਨਾਲ ਆਪਣੇ ਵਿਚਾਰ ਰੱਖਣ ਅਤੇ ਸੁਲਝਾਉਣ ਵਿੱਚ ਮਨੋਵਿਗਿਆਨਕ ਤੌਰ 'ਤੇ ਮੁਹਾਰਤ ਰੱਖਦੇ ਹਨ। ਅਜਿਹੀਆਂ ਹੀ ਪਰਿਵਾਰਿਕ ਅਤੇ ਬੱਚਿਆ ਦੀਆਂ ਵੱਧ ਰਹੀਆਂ ਸਮੱਸਿਆਵਾਂ 'ਤੇ ਵਿਚਾਰ-ਵਿਟਾਦਰਾ ਕਰਨ ਅਤੇ ਫਰਿਜਨੋ ਦੇ ਪੰਜਾਬੀ ਭਾਈਚਾਰੇ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦਾ ਇੱਕ ਰੋਜ਼ਾ ਸੈਮੀਨਾਰ 'ਗੁਰਦਵਾਰਾ ਸਿੰਘ ਸਭਾ' ਫਰਿਜਨੋ ਵਿਖੇ ਕਰਵਾਇਆਂ ਗਿਆ। ਇਸ ਸੈਮੀਨਰ ਦੀ ਸ਼ੁਰੂਆਤ ਗੁਰਦਵਾਰਾ ਸਹਿਬ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੌਕੇ ਮਰਸਿਡ ਮੈਡੀਕਲ ਸੈਂਟਰ ਦੇ ਕੈਂਸਰ ਮਾਹਿਰ ਡਾ. ਪਰਮਿੰਦਰ ਸਿੰਘ ਸਿੱਧੂ ਨੇ ਬਲਦੇਵ ਸਿੰਘ ਮੁੱਟਾ ਦੀ ਜਾਣ ਪਹਿਚਾਣ ਕਰਵਾਈ ਅਤੇ ਸੈਂਮੀਨਰ ਦੀ ਭੂਮਿਕਾ ਬੰਨੀ।ਉਪਰੰਤ ਬਲਦੇਵ ਸਿੰਘ ਮੁੱਟਾ ਨੇ ਜਿੰਦਗੀ ਦੀਆਂ ਤਿੰਨ ਅਹਿਮ ਸਟੇਜਾਂ ਤੇ ਲਿਕਚਰ ਦਿੱਤਾ ਤੇ ਉਹਨਾਂ ਦੱਸਿਆ ਕਿ ਕਿਵੇਂ ਭਾਵਨਾ, ਸੋਚ ਅਤੇ ਜਾਗ੍ਰਿਤੀ ਸਾਨੂੰ ਇੱਕ ਨਵੀ ਸਵੇਰ ਵੱਲ ਲਿਜਾ ਸਕਦੀ ਹੈ, ਨਾਲ ਦੀ ਨਾਲ ਉਹਨਾਂ ਬੱਚਿਆਂ ਅਤੇ ਮਾਪਿਆ ਵਿੱਚ ਵਧ ਰਹੇ ਪਾੜੇ ਬਾਰੇ ਵੀ ਗੱਲ ਕੀਤੀ ਤੇ ਨਾਲ ਹੀ ਉਹਨਾਂ ਪਰਿਵਾਰਕ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਅਤੇ ਕਿਵੇਂ ਇਹਨਾਂ ਰਿਸ਼ਤਿਆਂ ਨੂੰ ਮਜ਼ਬੂਤ ਬਣਾਇਅ ਜਾਵੇ, ਸੰਬੰਧੀ ਗੱਲਬਾਤ ਕੀਤੀ। ਸੈਮੀਨਾਰ ਦੇ ਅੰਤਮ ਪੜਾਅ ਵਿੱਚ ਸੰਗਤ ਨੇ ਬਲਦੇਵ ਸਿੰਘ ਮੁੱਟਾ ਨੂੰ ਸਵਾਲ ਵੀ ਕੀਤੇ, ਜਿਨ੍ਹਾਂ ਦੇ ਉੱਤਰ ਉਨ੍ਹਾਂ ਬੜੇ ਤਸੱਲੀਬਖਸ਼ ਢੰਗ ਨਾਲ ਦਿੰਦੇ ਹੋਏ ਸੰਤੁਸ਼ਟੀ ਕਰਵਾਈ।ਅਖੀਰ ਵਿੱਚ ਸਰੋਤੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਅਜਿਹੇ ਸੈਮੀਨਾਰ ਸਾਨੂੰ ਚੰਗੀ ਮੰਨੋਵਿਗਿਆਨਕ ਸੋਚ ਅਤੇ ਇਕ ਦੂਜੇ ਨੂੰ ਸਮਝਣ ਦਾ ਸੰਕਲਪ ਦਿੰਦੇ ਹਨ, ਜੋ ਅੱਜ ਦੇ ਪਰਿਵਾਰਾਂ ਅਤੇ ਰਿਸ਼ਤਿਆਂ ਨੂੰ ਨਿਭਾਉਣ ਅਤੇ ਇੱਕ ਦੂਜੇ ਨਾਲ ਜੋੜੀ ਰੱਖਣ ਵਿੱਚ ਮਦਦ ਕਰਦੇ ਹਨ।



## ਡਾ.ਇਕਵਿੰਦਰ ਸਿੰਘ ਗਿੱਲ ਨੂੰ ਮਾਤਾ ਦੇ ਦਿਹਾਂਤ ਤੇ ਸਦਮਾ

**ਮੈਨਟੀਕਾ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਪੰਜਾਬੀ ਭਾਈਚਾਰੇ ਦੀ ਉੱਘੀ ਸ਼ਖ਼ਸੀਅਤ ਡਾ. ਇਕਵਿੰਦਰ ਸਿੰਘ ਗਿੱਲ ਅਤੇ ਸ੍ਰੀ ਮਤੀ ਕੁਲਬੀਰ ਕੌਰ ਘੁੰਮਣ ਨੂੰ 3 ਅਕਤੂਬਰ, 2019 ਨੂੰ ਉਸ ਵਕਤ ਭਾਰੀ ਸਦਮਾਂ ਪਹੁ-ਚਿਆ ਜਦੋਂ ਉਹਨਾਂ ਦੇ ਸਤਿਕਾਰ ਯੋਗ ਮਾਤਾ ਦਲੀਪ ਕੌਰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ, ਉਹ 92 ਸਾਲਾਂ ਦੇ ਸਨ। ਮਾਤਾ ਜੀ ਭਾਰਤ ਤੋਂ ਰਿਟਾਇਰ ਅਧਿਆਪਕਾ ਸਨ ਅਤੇ ਉਹ ਮੋਗੇ ਜਿਲ੍ਹੇ ਦੇ ਪਿੰਡ ਚੂਹੜਚੱਕ ਨਾਲ ਸਬੰਧਤ ਸਨ। ਉਹਨਾਂ ਦਾ ਪੇਕਾ ਪਿੰਡ ਪੱਤੋ ਹੀਰਾ ਸਿੰਘ ਸੀ। ਉਹਨਾਂ ਦੀ ਦੇਹ ਦਾ ਅੰਤਿਮ ਸੰ-ਸਕਾਰ ਸ਼ੁੱਕਰਵਾਰ ਅਕਤੂਬਰ 11, 2019 ਨੂੰ ਦੁਪਿਹਰ 1 ਵਜੇ ਪਾਰਕ ਵਿਊ ਫਿਊਨਰਲ ਹੋਮ, 3661 E. French Camp Rd. Manteca CA [ 95336 ਵਿਖੇ ਹੋਵੇਗਾ, ਉਪਰੰਤ ਭੋਗ ਗੁਰਦਵਾਰਾ ਗੁਰਮਤਿ ਪ੍ਰਕਾਸ਼ ਮੈਨਟੀਕਾ ਵਿਖੇ ਦੁਪਿਹਰ 2.30 ਵਜੇ ਪਵੇਗਾ। ਗੁਰੂ-ਘਰ ਦਾ ਪਤਾ 4640 E[ Woodward Ave Manteca CA 95337[ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 209-824-4433 ਇਕਵਿੰਦਰ ਗਿੱਲ 408-667-6879.




BERKSHIRE HATHAWAY
Home Services



Shangara Ram
ELITE REAL ESTATE
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables




New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
530-671-0439, Fax 530-822-0439 Cell- 530-844-3250



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com







5 ਅਕਤੂਬਰ ਨੂੰ ਜੰਤਰ ਮੰਦਰ 'ਤੇ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦੇ ਮੁੜ ਨਿਰਮਾਣ ਲਈ ਧਰਮ ਯੁੱਧ ਆਰੰਭ ਕੀਤਾ ਗਿਆ। ਜੰਤਰ ਮੰਤਰ 'ਤੇ ਸੰਤ ਕੁਲਬੰਤ ਰਾਮ ਡੇਰਾ ਭਰੂ ਮਾਜਰਾ, ਪੰਜਾਬ, ਗੁਰੂ ਰਵਿਦਾਸ ਜੀ ਮਹਾਰਾਜ ਦੇ ਅਪਮਾਨ ਵਿਰੁੱਧ ਅਤੇ ਮੰਦਰ ਦੇ ਮੁੜ ਨਿਰਮਾਣ ਲਈ ਆਪਣੀ ਜਾਨ ਦੀ ਬਾਜ਼ੀ ਲਗਾਉਣ ਲਈ ਮਰਨ ਵਰਤ 'ਤੇ ਬੈਠ ਗਏ।

# ਫਰਿਜਨੋ ਦੀ ਮਾਣਮੱਤੀ ਸ਼ਖਸ਼ੀਅਤ ਉੱਘੀ ਰੇਡੀਓ ਹੋਸਟ ਗੁੱਡੀ ਸਿੱਧੂ ਦਾ ਦਿਹਾਂਤ

ਬਹੁਤ ਹੀ ਮੰਦਭਾਗੀ ਖ਼ਬਰ ਸੁਣਨ ਨੂੰ ਮਿਲੀ, ਫਰਿਜਨੋ ਦੀ ਮਾਣਮੱਤੀ ਸ਼ਖਸ਼ੀਅਤ ਉੱਘੀ ਰੇਡੀਓ ਹੋਸਟ ਗੁੱਡੀ ਸਿੱਧੂ ਜੀ Ashlan Ave & Cornelia Ave ਤੇ ਤਕਰੀਬਨ ਦੋ ਕੁ ਵਜੇ ਇੱਕ ਐਕਸੀਡੈਂਟ ਦੌਰਾਨ ਸਦਾ ਲਈ ਸਾਥੋਂ ਵਿੱਛੜ ਗਏ। ਸ਼ਾਇਦ ਭੈਣ ਜੀ ਗੁਰਦਵਾਰਾ ਸਿੰਘ ਸਭਾ ਤੋਂ ਦੁਪਿਹਰ ਦੇ ਦੀਵਾਨ ਮਗਰੋਂ ਆਪਣੀ ਕਾਰ ਲੈਕੇ ਨਿਕਲੇ ਹੀ ਸਨ ਕਿ ਉਹ ਕੰਟਰੋਲ ਖੋਹ ਬੈਠੇ, ਗੱਡੀ ਉੱਪਰ ਨੂੰ ਬੁੜਕੀ 'ਤੇ ਪਲਟ ਗਈ, ਅਤੇ ਗੁੱਡੀ ਸਿੱਧੂ ਦੀ ਮੌਕੇ ਤੇ ਮੌਤ ਹੋ ਗਈ। ਗੁੱਡੀ ਸਿੱਧੂ ਲੰਮੇ ਸਮੇਂ ਤੋਂ ਪੰਜਾਬੀ ਭਾਈਚਾਰੇ ਵਿੱਚ ਆਪਣੀਆਂ ਸੇਵਾਵਾਂ ਸਦਕੇ ਇੱਕ ਮੋਹਰੀ ਇਸਤਰੀ ਲੀਡਰ ਦੇ ਤੌਰ ਤੇ ਵਿਚਰ ਰਹੇ ਸਨ 'ਤੇ ਹਰਕੋਈ ਫਰਿਜਨੋ ਸ਼ਹਿਰ ਵਿੱਚ ਉਹਨਾਂ ਦਾ ਇੱਜਤ ਨਾਲ ਨਾਮ ਲੈਂਦਾ ਸੀ। ਗੁੱਡੀ ਸਿੱਧੂ ਫਰਿਜਨੋ ਦੀ ਪਹਿਲੀ ਔਰਤ ਸੀ ਜਿਸ ਨੇ ਗੁਰਪ੍ਰੀਤ ਮਾਨ ਨਾਲ ਰਲਕੇ ਪਹਿਲਾ ਪੰਜਾਬੀ ਟੀਵੀ ਪ੍ਰੋਗਰਾਮ ਸ਼ੁਰੂ ਕੀਤਾ ਸੀ।



ਗੁੱਡੀ ਸਿੱਧੂ ਜੀ ਫਰਿਜਨੋ ਵਿੱਚ ਲੰਮੇ ਸਮੇਂ ਤੋਂ ਹਰ ਸਾਲ ਤੀਆਂ ਦਾ ਮੇਲਾ ਲਾਉਂਦੇ ਆ ਰਹੇ ਸਨ। ਅਤੇ ਹੋਰ ਵੀ ਔਰਤਾ ਦੇ ਹਰ ਮਸਲੇ ਤੇ ਉਹ ਅਕਸਰ ਪਹਿਲ ਕਦਮੀਂ ਨਾਲ ਖੁਲ੍ਹਕੇ ਵਿਚਾਰ ਵਿਟਾਂਦਰਾ ਕਰਦੇ ਰਹਿੰਦੇ ਸਨ। ਗੁੱਡੀ ਭੈਂਣਜੀ ਦੇ ਇਸ ਤਰਾਂ ਅਚਾਨਕ ਇਸ ਜਹਾਨੋਂ ਤੁਰ ਜਾਣ ਨਾਲ ਫਰਿਜਨੋ ਏਰੀਏ ਦੇ ਪੰਜਾਬੀ ਭਾਈਚਾਰੇ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਅਸੀਂ ਮਾਛੀਕੇ/ਧਾਲੀਆਂ ਮੀਡੀਆਂ ਗਰੁੱਪ ਫਰਿਜਨੋ ਅਤੇ ਅਦਾਰਾ 'ਦੇਸ਼ ਦੁਆਬਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ।

# ਖੰਨਾ ਨਿਵਾਸੀ ਸ. ਲਾਲ ਸਿੰਘ ਨਹੀਂ ਰਹੇ

ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ K ਕੁਲਵੰਤ ਧਾਲੀਆਂ- ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਖੰਨਾਂ ਨਿਵਾਸੀ ਸ. ਲਾਲ ਸਿੰਘ (52) ਜਿਹੜੇ ਕਿ ਫਰਿਜਨੋ ਕੈਲੇਫੋਰਨੀਆਂ ਵਿਖੇ ਵਿਜ਼ਟਰ ਵੀਜ਼ੇ ਤੇ ਆਏ ਹੋਏ ਸਨ, 26 ਸਤੰਬਰ ਨੂੰ UM Mountain View Ave ਤੇ ਸਾਈਕਲ ਤੇ ਜਦੋਂ ਉਹ ਘਰੋ ਗੁਰੂ ਘਰ ਜਾਣ ਲਈ ਨਿਕਲੇ ਤਾਂ ਪਿੱਛੋਂ 19 ਸਾਲਾ ਇੱਕ ਲੜਕੀ ਜਿਸ ਕੋਲ ਲਾਈਸੰਸ ਵੀ ਨਹੀਂ ਸੀ, ਨੇ ਆਪਣੀ ਕਾਰ ਨਾਲ ਉਹਨਾਂ ਨੂੰ ਟੱਕਰ ਮਾਰ ਦਿੱਤੀ ਜਿਸ ਕਰਕੇ ਮੌਕੇ ਤੇ ਹੀ ਉਹਨਾਂ ਦੀ ਮੌਤ ਹੋ ਗਈ।

ਉਹਨਾਂ ਦਾ ਇੱਥੇ ਕੋਈ ਵੀ ਪਰਿਵਾਰਕ ਮੈਂਬਰ ਨਾਂ ਹੋਣ ਕਰਕੇ ਰਿਸ਼ਤੇਦਾਰਾਂ ਅਤੇ ਯਾਰਾਂ ਦੋਸਤਾਂ ਨੇ ਰਲਕੇ ਉਹਨਾਂ ਦੇ ਫਿਊਨਰਲ ਦਾ ਪ੍ਰਬੰਧ ਕੀਤਾ ਹੈ। ਉਹਨਾਂ ਦਾ ਫਿਊਨਰਲ ਮਿਤੀ 13 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੁਪਿਹਰ 1 ਵਜੇ ਦਰਮਿਆਮ ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ (99 & CLOVIS Ave) ਵਿਖੇ ਹੋਵੇਗਾ, ਉਪਰੰਤ ਭੋਗ ਗੁਰਦਵਾਰਾ ਰਵਿਦਾਸ ਟੈਂਪਲ ਸਿਲਮਾਂ ਵਿੱਖੇ ਪਵੇਗਾ।

ਗੁਰੂ ਘਰ ਦਾ ਪਤਾ 2650 Blaine Ave Selma CA 93622. ਯਾਰਾਂ ਦੋਸਤਾਂ ਵੱਲੋ ਕਮਿਉਂਨਟੀ ਨੂੰ ਸਵ. ਲਾਲ ਸਿੰਘ ਦੇ ਪਰਿਵਾਰ ਲਈ ਵਿੱਤੀ ਮੱਦਦ ਲਈ ਬੇਨਤੀ ਕੀਤੀ ਜਾਂਦੀ ਹੈ, ਜੋ ਵੀ ਕੋਈ ਤਿਲ-ਫੁੱਲ ਆਪਣੀ ਨੇਕ ਕਮਾਈ ਚੋਂ ਸਵ. ਲਾਲ ਸਿੰਘ ਦੇ ਪਰਿਵਾਰ ਅਤੇ ਫਿਊਨਰਲ ਸਬੰਧੀ ਮਦਦ ਦੇ ਰੂਪ ਵਿੱਚ ਦਾਨ ਕਰਨਾ ਚਾਹੇ ਤਾਂ ਸੰਪਰਕ ਨੰਬਰ ਰਾਜਵਿੰਦਰ ਸਿੰਘ 'ਰਾਜ' (660) 888-3901. ਧੰਨਵਾਦੀ ਹੋਵਾਂਗੇ ।




A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

## AMBEDKAR TIMES GROUP REMEMBERS SAHIB SHRI KANSHI RAM JI

**Prem Kumar Chumber**
**Editor-In-Chief: www.ambedkartimes.com**

Sahib Shri Kanshi Ram was born on March 15, 1934, in Khawas Pur village of Ropar District of Punjab (India). He was the eldest of eight siblings. He belonged to the Ramdassia (Ad Dharmi/Mulnivasi) community of the Scheduled Caste group, which is the largest group in Punjab. He was named Kanshi because after his birth the midwife placed him in a tray made of kansa metal. His father owned some land and his uncles were in the armed forces. In Sahib Shri Kanshi Ram's own words, "I was born and brought up amongst those who sacrificed themselves but never betrayed the country..." Despite his low caste background, he earned a bachelor's degree in science from the Government College at Ropar (Punjab).

His upbringing was modest. During his education years there was nothing special about him to suggest that he would mature into great social revolutionary. It was only after he took up a government job in the western Indian state of Maharashtra that he began to be influenced by the writings and life of Baba Sahib Dr. Bhimrao Ramji Ambedkar who voiced the concerns of India's low caste community and worked hard throughout his life for their empowerment. Soon after his graduation, Sahib Shri Kanshi Ram Ji joined the research staff of Kirki's Explosive Research and Development Laboratory (ERDL) in Pune 1957. While working in Pune, he quit his job after becoming involved in the famous Deena Bhan case. Shri Deena Bhan, a Rajasthani Scheduled Caste employee and senior colleague of Sahib Shri Kanshi Ram Ji was suspended. His fault was that he protested against the decision of ERDL management for the cancellation of holidays for Baba Sahib Dr. B. R. Ambedkar and Lord Buddha Jayantis and their replacement by the Tilak Jayanti and one additional holiday for Diwali. Sahib Shri Kanshi Ram Ji decided to fight against such a caste ridden and dictatorial behavior of the management. The fighter in Sahib Shri Kanshi Ram got the suspension orders of Shri Deena Bhan revoked and Dr. Ambedkar and Lord Buddha Jayantis holidays were restored.

This was the beginning of the long battle for the emancipation of the Dalits in the country that Sahib Shri Kanshi Ram had to lead till his last breath. He resigned from his job and totally dedicated his entire life for the cause of the community. He never married nor visited his home since then. His struggle was not for the home and family. He devised a new strategy to regain the lost glory of the original (Adi) inhabitants of Bharat (India). He gave utmost importance to the culture of work and democratic method of struggle. He also expanded the circle of the Dalits by incorporating other Backward Classes and Minorities into it.

He criticized the post-Ambedkar leadership of Dalits in India. For that he declared "Poona Pact" as the main reason. He said that "Poona Pact" made Dalits helpless. By rejecting separate electorate, Dalits were deprived of their genuine representation in legislatures. Several and various kind of chamchas were born in the last fifty years. As and when India's so called high caste Hindu rulers felt the need of chamchas and when the authority of the upper castes got endangered by real and genuine Dalit leaders, chamchas were brought to the fore in all other fields".

In his "The Chamcha Age", a well argued and polemical tirade against the pseudo Dalit leaders, Sahib Shri Kanshi Ram Ji sharpen the contradiction for the legitimate acquisition of political power by the downtrodden in electoral democracy in India. In, the Chamcha Age, "he focused very much on the Poona Pact which was a point of a rather decisive Gandhian victory over Dr. Ambedkar after a long duel between the two at the Round Table Conference". In the mid-1960s, Sahib Kanshi Ram Ji began to organize Dalit government employees to fight against what he saw as the deeply entrenched prejudice of higher caste peoples. It was around this time that he decided that he would not marry and dedicate his life to the cause of Dalit improvement. Finally he decided play a crucial role in the politics of the country.

The result was, Sahib Shri Kanshi Ram Ji launched his first organisation on December 6th, 1978: All India Backward (SC, ST, OBC) and Minority Communities' Employees' Federation, popularly known as BAMCEF. Three years later, on December 6th 1981, Sahib Shri Kanshi Ram Ji founded another organisation: DS-4 (Dalit Shoshit Samaj Sangharsh Samiti) and on April 14th, 1984, Sahib Shri Kanshi Ram Ji announced the formation of the Bahujan Samaj Party (the Common Man's Party). As a politician, he became very popular among his people, who found a new hope and vision in his style of functioning and sincerity. Suddenly he became a national figure. He was a master strategist and a meticulous organiser. He used his strengths to carve out a niche for Dalits. This was done by deploying an often combative and aggressive strategy, with virulent attacks on other political parties which he claimed only represented the interests of higher caste Hindus. He was sharply different from other politicians of the mainstream. He used to communicate before he spoke.

In 1996 Sahib Shri Kanshi Ram Ji elected to the Lok Sabha from the Hoshiarpur constituency, from where 52 years ago Great Ghadri Baba Babu Mangu Ram Mugowalia Ji founder of the "Ad Dharm Movement" had been returned to the Punjab assembly in 1946. Interestingly, it was at Hoshiarpur, the strong hold of "Ad Dharm", that the BSP celebrated the 75th year of the "Ad Dharm Movement" on February 18th, 2001 . On this occasion Sahib Shri Kanshi Ram Ji exhorted the Bahujan Samaj to follow the principles of the "Ad Dharm Movement" of which the BSP has now become the torchbearer. He was one of the few great leaders of Independent India who actually expanded the limits of Dalit politics. His political vision was never confined to Scheduled Castes only, as is often thought about him. All of the political organisations he founded were meant for the downtrodden of all sorts – SC, ST, OBC and Minorities. It would not be an exaggeration to say that he was the one who took a lead in making Indian democracy more competitive and practically open to the Dalit-Bahujan Samaj.

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

### ਵਿਚਾਰ ਆਪੋ-ਆਪਣਾ- 14 ਅਕਤੂਬਰ ਹੀ ਬੁੱਧ ਧੰਮ ਦੀਕਸ਼ਾ ਦਿਵਸ ਹੈ

# ਅਸ਼ੋਕ ਵਿਜੈ ਦਸ਼ਵੀਂ ਜਾਂ ਦੁਸਹਿਰੇ- ਦਿਵਾਲੀ ਨਾਲ ਬੋਧੀਆਂ ਦਾ ਕੋਈ ਸਬੰਧ ਨਹੀਂ, ਸਾਜ਼ਿਸ਼ ਤੋਂ ਸਾਵਧਾਨ !

ਜਦੋਂ ਕੋਈ ਹਿੰਦੂ ਬੋਧੀ ਬਣਦਾ ਹੈ, ਅਕਸਰ ਉਸ ਦੇ ਅੰਦਰ ਦਾ ਹਿੰਦੂ ਉਸਦੇ ਅੰਦਰ ਹੀ ਚੁੱਪਚਾਪ ਬੈਠਾ ਰਹਿੰਦਾ ਹੈ; ਜੋ ਮੌਕਾ ਮਿਲਣ 'ਤੇ ਸਿਰ ਚੁੱਕਦਾ ਰਹਿੰਦਾ ਹੈ. ਇਸੇ ਵਰਤਾਰੇ ਤੋਂ ਬੋਧੀਆਂ ਨੂੰ ਮੁਕਤ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਨੇ 22 ਪ੍ਰਤੀਗਿਆਵਾਂ ਦਾ ਵਿਧਾਨ ਕੀਤਾ ਹੈ।

ਦੇਖਣ ਵਿਚ ਆਇਆ ਹੈ ਕਿ ਅੰਦਰ ਛਿਪਿਆ ਹਿੰਦੂ ਜਾਂ ਕਹਿ ਲਵੋ 'ਬ੍ਰਾਹਮਣਵਾਦ' ਕਈ ਰੂਪਾਂ ਵਿਚ ਪ੍ਰਗਟ ਹੋਣ ਦੀ ਕੋਸ਼ਿਸ਼ ਕਰਦਾ ਹੈ. 14 ਅਕਤੂਬਰ, 1956 ਨੂੰ ਬਾਬਾ ਸਾਹਿਬ ਨੇ ਹਿੰਦੂਇਜ਼ਮ ਨੂੰ ਤਜ ਕੇ ਬੁੱਧਇਜ਼ਮ ਅਪਣਾਇਆ ਸੀ, ਪਰ ਬ੍ਰਾਹਮਣਵਾਦ ਦੇ ਝਾਂਸੇ ਵਿਚ ਆਏ ਕੁਝ ਬੋਧੀ ਇਹ ਕਹਿ ਰਹੇ ਹਨ ਕਿ ਉਹ ਦਿਨ ਬਾਬਾ ਸਾਹਿਬ ਨੇ ਇਸ ਲਈ ਚੁਣਿਆ ਸੀ ਕਿ ਉਸ ਦਿਨ ਦੁਸਹਿਰਾ ਸੀ, ਦੁਸਹਿਰੇ ਵਾਲੇ ਦਿਨ ਉਨ੍ਹਾਂ ਬੋਧੀਆਂ ਦੇ ਕਹਿਣ ਮੁਤਾਬਿਕ, ਅਸ਼ੋਕ ਵਿਜੈ ਦਸ਼ਵੀਂ ਨੂੰ ਸਮਰਾਟ ਅਸ਼ੋਕ ਨੇ ਕਲਿੰਗਾ 'ਤੇ ਜਿੱਤ ਪ੍ਰਾਪਤ ਕੀਤੀ ਸੀ ਤੇ ਇਸ ਦੇ ਸਿੱਟੇ ਵਜੋਂ ਉਨ੍ਹਾਂ ਬੁੱਧ ਧੰਮ ਅਪਣਾਇਆ ਸੀ।

ਇਸ ਤਰ੍ਹਾਂ ਦੀਆਂ ਬੇਬੁਨਿਆਦ ਗੱਲਾਂ ਬੋਧੀਆਂ ਅੰਦਰ ਲੁੱਕ ਕੇ ਬੈਠਾ ਬ੍ਰਾਹਮਣਵਾਦ ਹੀ ਉਨ੍ਹਾਂ ਤੋਂ ਕਰਵਾ ਰਿਹਾ ਹੈ ਤੇ ਉਨ੍ਹਾਂ ਭੋਲੇ-ਭਾਲੇ ਲੋਕਾਂ ਨੂੰ ਇਹੋ ਸਮਝਾਈ ਜਾਂਦਾ ਹੈ ਕਿ ਦੁਸਹਿਰਾ ਬੋਧੀਆਂ ਦਾ ਤਿਉਹਾਰ ਹੈ ਤੇ ਇਸੇ ਲਹੀ ਬਾਬਾ ਸਾਹਿਬ ਨੇ ਬੁੱਧ ਧੰਮ ਗ੍ਰਹਿਣ ਕਰਨ ਲਈ ਦੁਸਹਿਰੇ ਦਾ ਦਿਨ ਹੀ ਚੁਣਿਆ ਸੀ।

ਅਸਲੀਅਤ ਇਹ ਹੈ ਕਿ ਕਈ ਸਦੀਆਂ ਤੋਂ ਇਸ ਦੇਸ਼ ਦੇ ਲੋਕਾਂ ਨੂੰ, ਜਿਨ੍ਹਾਂ ਵਿਚ ਬੋਧੀ ਵੀ ਸ਼ਾਮਿਲ ਸਨ,ਇਹ ਪਤਾ ਹੀ ਨਹੀਂ ਸੀ ਕਿ ਅਸ਼ੋਕ ਨਾਮ ਦਾ ਕੋਈ ਰਾਜਾ ਵੀ ਇੱਥੇ ਹੋਇਆ ਹੈ ਕਈ ਸਦੀਆਂ ਤੋਂ ਬਾਅਦ, ਅੱਜ ਤੋਂ ਕੋਈ 650 ਵਰ੍ਹੇ ਪਹਿਲਾਂ, ਦਿੱਲੀ ਦੇ ਸੁਲਤਾਨ ਫਿਰੋਜ਼ਸ਼ਾਹ ਤੁਗ਼ਲਕ (1351-88) ਨੇ ਮੇਰਠ ਅਤੇ ਤੋਪੜਾ ਪਿੰਡ ਵਿਚ ਜਦ ਵੱਡੇ-ਵੱਡੇ ਖੰਭਿਆਂ ਤੇ ਕੁਝ ਲਿਖਿਆ ਵੇਖਿਆ ਤਾਂ ਉਸ ਨੂੰ ਪੜ੍ਹਨ ਲਈ ਦੇਸ਼ ਦੇ ਵੱਡੇ-ਵੱਡ ਵਿਦਵਾਨਾਂ ਨੂੰ ਬੁਲਾਇਆ; ਪਰ ਕੋਈ ਵੀ ਇਕ ਅੱਖਰ ਤੱਕ ਨਾ ਸਮਝ ਸਕਿਆ।

ਉਸ ਤੋਂ 200 ਸਾਲ ਬਾਅਦ ਬਾਦਸ਼ਾਹ ਅਕਬਰ (1556-1603) ਨੇ ਵੀ ਆਪਣੇ ਸਮੇਂ ਦੇ ਸਭ ਵਿਦਵਾਨ ਬੁਲਾ ਕੇ ਇਨ੍ਹਾਂ ਲਿਖਿਤਾਂ ਨੂੰ ਜਾਨਣ ਦਾ ਉਪਰਾਲਾ ਕੀਤਾ ਸੀ; ਪਰ ਉਹ ਵੀ ਅਸਫਲ ਰਿਹਾ ਸੀ ਇਸ ਤੋਂ ਕੋਈ ਪੌਣੇ ਤਿੰਨ ਸੌ ਸਾਲ ਬਾਅਦ 1837 ਵਿਚ ਸ਼੍ਰੀ ਜੇਮਸ ਪ੍ਰਿੰਸੇਪ (1799-1840) ਨਾਮ ਦੇ ਇਕ ਅੰਗ੍ਰੇਜ਼ ਵਿਦਵਾਨ ਨੇ ਇਨ੍ਹਾਂ ਨੂੰ ਪੜ੍ਹਨ ਵਿਚ ਸਫਲਤਾ ਪ੍ਰਾਪਤ ਕੀਤੀ ਸੀ।

ਇਨ੍ਹਾਂ ਦੇ ਪੜ੍ਹੇ ਜਾਣ ਤੋਂ ਪਹਿਲਾਂ ਸਦੀਆਂ ਤੋਂ ਇਸ ਦੇਸ਼ ਦੇ ਨਿਵਾਸੀ, ਜਿਨ੍ਹਾਂ ਵਿਚ ਬੋਧੀ ਵੀ ਸ਼ਾਮਿਲ ਸਨ, ਇਹੋਂ ਸਮਝਦੇ ਸੀ ਕਿ ਇਨ੍ਹਾਂ ਖੰਭਿਆਂ 'ਤੇ ਗੀਤਾ ਦਾ ਉਪਦੇਸ਼ ਅੰਕਿਤ ਹੈ ਸਦੀਆਂ ਤੋਂ ਕੋਈ ਅਸ਼ੋਕ ਦਾ ਨਾਮ ਤੱਕ ਨਹੀਂ ਜਾਣਦਾ ਸੀ ਜਿਵੇਂ ਅਸੀ ਪਹਿਲਾਂ ਦੇਖਿਆ ਹੈ, 14ਵੀਂ ਸਦੀ ਵਿਚ ਕਿਸੇ ਹਿੰਦੂ ਜਾਂ ਬੋਧੀ ਵਿਦਵਾਨ ਨੂੰ ਇਹ ਨਹੀਂ ਪਤਾ ਸੀ ਕਿ ਇਹ ਸ਼ਿਲਾਲੇਖ ਕਿਸੇ ਅਸ਼ੋਕ ਨਾਮੀ ਰਾਜਾਂ ਦੇ ਲਿਖਵਾਏ ਹੋਏ ਹਨ 14ਵੀਂ ਸਦੀ ਤੋਂ ਪਹਿਲਾਂ ਪਤਾ ਨਹੀਂ ਕਦੋਂ ਤੋਂ ਇਹ ਗੱਲ ਸੀ ਇਹ ਤਾਂ 19ਵੀਂ ਸਦੀ ਦੇ ਅੱਧ ਵਿਚ ਜਾ ਕੇ ਪਤਾ ਲੱਗਾ ਕਿ ਕੋਈ ਰਾਜਾ ਅਸ਼ੋਕ ਵੀ ਹੋਇਆ ਹੈ ਤੇ ਉਸ ਨੇ ਬੁੱਧਇਜ਼ਮ ਅਪਣਾਅ ਲਿਆ ਸੀ।

ਅਜਿਹੇ ਹਾਲਾਤ ਵਿਚ ਕੋਈ ਇਹ ਕਿਵੇਂ ਕਹਿ ਸਕਦਾ ਹੈ ਕਿ ਅਸ਼ੋਕ ਨੇ ਵਿਜੈ ਦਸ਼ਵੀਂ ਨੂੰ ਬੁੱਧਇਜ਼ਮ ਅਪਣਾਇਆ ਸੀ ਤੇ ਦੁਸਹਿਰਾ ਉਸੇ ਦੀ ਯਾਦ ਵਿਚ ਮਨਾਇਆ ਜਾ ਰਿਹਾ ਹੈ ? ਕਿਸੇ ਬੋਧੀ ਗ੍ਰੰਥ ਵਿਚ ਨਾ 'ਅਸ਼ੋਕ ਵਿਜੈ ਦਸ਼ਵੀਂ 'ਦਾ ਜ਼ਿਕਰ ਹੈ, ਨਾ 'ਦੁਸ਼ਹਿਰੇ ਦਾ'।

ਜਦੋ ਤੋਂ ਬਾਬਾ ਸਾਹਿਬ ਨੇ ਹਿੰਦੂਇਜ਼ਮ ਨੂੰ ਛੱਡ ਕੇ ਬੁੱਧਇਜ਼ਮ ਅਪਣਾਇਆ ਹੈ, ਉਸੇ ਸਮੇਂ ਤੋਂ ਹਿੰਦੂਤਵ ਦੇ ਝੰਡਾ ਬਰਦਾਰ ਅਤੇ ਬ੍ਰਾਹਮਣਵਾਦੀ ਸ਼ਕਤੀਆਂ ਇਸ ਤਾਕ ਵਿਚ ਹਨ ਕਿ ਕਿਸ ਤਰ੍ਹਾਂ ਅੰਬੇਡਕਰ ਦੇ ਬੁੱਧਇਜ਼ਮ ਨੂੰ ਨਿਗਲ ਕੇ ਦਲਿਤਾਂ ਨੂੰ ਮੁੜ ਇਹ ਅਹਿਸਾਸ ਕਰਵਾਇਆ ਜਾਵੇ ਕਿ ਤੁਸੀਂ ਸ਼ੂਦਰ ਦੇ ਸ਼ੂਦਰ ਹੀ ਹੋ, ਤੁਸੀਂ ਬੋਧੀ ਬਣ ਕੇ ਐਵੇਂ ਸਿਰ ਨਾ ਚੁੱਕੀ ਫਿਰੋ; ਤੁਹਾਡਾ ਬੁੱਧਇਜ਼ਮ ਹਿੰਦੂ ਧਰਮ ਦਾ ਹੀ ਇਕ ਹਿੱਸਾ ਹੈ, ਜਿਵੇਂ ਸ਼ੂਦਰ ਹਿੰਦੂ ਜਾਤ-ਪਾਤ ਦਾ ਹੀ ਇਕ ਹਿੱਸਾ ਹੈ, ਵਿਜੈ ਦਸ਼ਵੀਂ ਦੀ ਕਲਪਨਾ 20ਵੀਂ ਸਦੀ ਵਿਚ ਹੀ ਕੀਤੀ ਗਈ ਹੈ, ਪਹਿਲਾਂ ਇਹ ਰਾਮ ਦੀ ਰਾਵਣ 'ਤੇ ਵਿਜੈ ਨਾਲ ਜੋੜੀ ਗਈ ਸੀ, ਪਰ ਹੁਣ ਬੋਧੀਆਂ ਨੂੰ ਭਰਮਾਉਣ ਲਈ ਅਸ਼ੋਕ ਨਾਲ ਜ਼ੋੜ ਦਿੱਤੀ ਗਈ ਹੈ ਇਹ ਦਾਣਾ ਸੁੱਟਿਆ ਗਿਆ ਹੈ, ਭੋਲੇ-ਭਾਲੇ ਬੋਧੀਆਂ ਨੂੰ ਜਾਲ ਵਿਚ ਫਸਾਉਣ ਲਈ ਸਾਨੂੰ ਇਸ ਦਾਣੇ ਤੋਂ ਬਚਣ ਦੀ ਲੋੜ ਹੈ।

ਇਹ ਬ੍ਰਾਹਮਣਵਾਦ ਨੂੰ ਬੋਧੀ-ਚਾਸ਼ਨੀ ਵਿਚ ਗਲੇਫ ਕੇ ਸੁੱਟਿਆ ਗਿਆ ਦਾਣਾ ਹੈ ਤਾਂਕਿ ਭੋਲੇ ਬੋਧੀ ਬਿਨਾਂ ਸੋਚੇ ਸਮਝੇ ਇਸ ਨੂੰ ਚੁਗ ਜਾਣ ਇਸ ਦਾਣੇ ਨੂੰ ਚੁਗਣਾ ਆਤਮਹੱਤਿਆ ਕਰਨ ਦੇ ਸਮਾਨ ਹੈ; ਇਹ ਆਪਣੇ ਵਿਰਸੇ ਦਾ ਆਪ ਹੀ ਬ੍ਰਾਹਮਣੀਕਰਨ ਕਰਨਾ ਹੇ ਅਜਿਹਾ ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸ ਦੇ ਅੰਦਰੋਂ ਅਜੇ ਬ੍ਰਾਹਮਣਵਾਦ ਖਤਮ ਨਹੀਂ ਹੋਇਆ; ਜਿਸਦੇ ਅੰਦਰ ਹਿੰਦੂ ਛਿਪ ਕੇ ਬੈਠਾ ਹੈ ਅਜਿਹਾ ਬੰਦਾ ਬਾਬਾ ਸਾਹਿਬ ਅੰਬੇਡਕਰ ਨੂੰ ਕਦੇ ਵੀ ਧੋਖਾ ਦੇ ਸਕਦਾ ਹੈ, ਸਮਾਜ ਨਾਲ ਕਦੇ ਵੀ ਗੱਦਾਰੀ ਕਰ ਸਕਦਾ ਹੈ।

ਸਮਰਾਟ ਅਸ਼ੋਕ ਦੇ ਸ਼ਿਲਾਲੇਖ ਸ਼੍ਰੀ ਜੇਮਸ ਪ੍ਰਿੰਸੇਪ ਦੁਆਰ; ਪੜ੍ਹੇ ਜਾਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਸਮਰਾਟ ਅਸ਼ੋਕ ਬਹੁਤ ਮਹਾਨ ਸਮਰਾਟ ਹੋਏ ਹਨ ਇਕ ਅੰਗ੍ਰੇਜ਼ ਵਿਦਵਾਨ ਸ਼੍ਰੀ ਐਚ.ਸੀ. ਵੇਲਸ ਸਮਰਾਟ ਅਸ਼ੋਕ ਬਾਰੇ ਲਿਖਦੇ ਹਨ ਕਿ : "ਬਾਦਸ਼ਾਹਾਂ ਦੇ ਹਜ਼ਾਰਾਂ ਨਾਮਾਂ ਵਿਚੋਂ; ਜਿਨ੍ਹਾਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ; ਜਿਨ੍ਹਾਂ ਵਿਚ ਵੱਡੇ-ਵੱਡੇ ਮਹਾਰਾਜੇ, ਮਹਾਮਹੀਨ ਅਤੇ ਸਮਰਾਟ ਹਨ, ਅਸ਼ੋਕ ਦਾ ਨਾਮ ਇਕੋ-ਇਕ ਚਮਕ ਰਿਹਾ ਹੈ ਅਤੇ ਇਸ ਤਰ੍ਹਾਂ ਨਾਲ ਚਮਕ ਰਿਹਾ ਹੈ ਜਿਵੇਂ ਕੋਈ ਸਿਤਾਰਾ ਹੋਵੇ ਵੋਲਗਾ ਤੋਂ ਲੈ ਕੇ ਜਾਪਾਨ ਤੱਕ ਉਸ ਦਾ ਨਾਮ ਅੱਜ ਵੀ ਆਦਰ ਦੇ ਲਾਲ ਲਿਆ ਜਾਂਦਾ ਹੈ ਚੀਨ, ਤਿੱਬਤ ਅਤੇ ਭਾਰਤ ਵੀ, ਜਿਥੇ ਉਸ ਦੀਆਂ ਸਿੱਖਿਆਵਾਂ ਅਸਲ 'ਚ ਤਿਆਗ ਦਿੱਤੀਆਂ ਗਈਆਂ ਹਨ, ਉਸਦੇ ਬੜਪਨ ਦੀ ਪਰੰਪਰਾ ਦੀ ਰੱਖਿਆ ਕਰਦੇ ਹਨ ਅੱਜ ਤੇ ਜਿੰਨੇ ਜੀਵਿਤ ਇਨਸਾਨ ਉਸਦੀ ਸਮ੍ਰਿਤੀ ਨੂੰ ਬਣਾਏ ਹੋਏ ਹਨ, ਉਨ੍ਹਾਂ ਲੋਕਾਂ ਨੇ ਕਾਂਸਟ੍ਰੇਇਨ ਅਤੇ ਸ਼ਾਰਲਮੇਨ ਦੇ ਨਾਮ ਕਦੀ ਸੁਣੇ ਵੀ ਨਾ ਹੋਣਗੇ (Ref: Outline of History)

ਅਸੀਂ ਸਮਰਾਟ ਅਸ਼ੋਕ ਦੇ ਵਿਅਕਤੀਤੱਵ ਨੂੰ ਨੀਵਾਂ ਨਹੀਂ ਕਰ ਰਹੇ ਕਿਉਂਕਿ ਉਸ ਨੇ ਬੁੱਧਇੱਜ਼ਮ ਦਾ ਪ੍ਰਚਾਰ-ਪ੍ਰਸਾਰ ਅਤੇ ਵਿਸਥਾਰ ਕਰਕੇ ਮਾਨਵਤਾ ਉੱਤੇ ਬਹੁਤ ਵੱਡਾ ਉਪਕਾਰ ਕੀਤਾ ਹੈ, ਜਿਸ ਦੀ ਦੂਜੀ ਮਿਸਾਲ ਲੱਭ ਪਾਉਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ-ਮੁਮਕਿਨ ਵੀ ਹੈ ਪਰ ਸਮਰਾਟ ਅਸ਼ੋਕ ਕੋਈ ਵਿਚਾਰ ਪ੍ਰਸਤੁਤ ਨਹੀਂ ਕਰਕੇ ਗਏ; ਜਿਸ ਨੂੰ ਅਸੀਂ ਅਸ਼ੋਕਇੱਜ਼ਮ/ਅਸ਼ੋਕਵਾਦ ਕਹਿ ਸਕੀਏ ਪਰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਅਣਗਿਣਤ ਵਿਚਾਰ ਪੇਸ਼ ਕੀਤੇ ਹਨ ਜਿਸ ਨੂੰ ਦੁਨੀਆ ਅੰਬੇਡਕਰਇੱਜ਼ਮ ਦੇ ਨਾਮ ਨਾਲ ਜਾਣਦੀ ਹੈ ਅਤੇ ਹਕੀਕਤ ਇਹ ਹੈ ਕੀ ਅੱਜ ਹਿੰਦੂਰਾਸ਼ਟਰਵਾਦ ਦੇ ਸਮਰਥਕਾਂ, ਜਾਂ ਕਿਹਾ ਜਾਵੇ ਕਿ ਬ੍ਰਾਹਮਣਵਾਦ, ਦੇ ਲਈ ਸਮਰਾਟ ਅਸ਼ੋਕ ਇਨ੍ਹਾਂ ਘਾਤਕ ਨਹੀਂ ਹੈ ਜਿਨ੍ਹਾਂ ਅੰਬੇਡਕਰਵਾਦ ਹੈ।

ਬਾਬਾ ਸਾਹਿਬ ਡਾ . ਅੰਬੇਡਕਰ ਦੁਆਰਾ 14 ਅਕਤੂਬਰ, 1956 ਨੂੰ ਜ਼ੋ ਧਰਮ ਪਰਿਵਰਤਨ ਕੀਤਾ ਗਿਆ ਸੀ ਓਸ ਦੀ ਮਿਸਾਲ ਦੁਨੀਆਂ 'ਚ ਕਿਤੇ ਵੀ ਲੱਭਿਆਂ ਨਹੀਂ ਲੱਭ ਸਕਦੀ ਕਿਉਂਕਿ 14 ਅਕਤੂਬਰ, 1956 ਨੂੰ ਬਾਬਾ ਸਾਹਿਬ ਨੇ; ਮਹਾਮਹਾਨ ਬੁੱਧ ਦੁਆਰਾ ਚਲਾਏ ਧੱਮ ਚੱਕਰ ਨੂੰ ਭਾਰਤ ਵਿਚ ਮੁੜ ਗਤੀਮਾਨ ਕਰਦੇ ਹੋਏ ਸਿਰਫ ਇਕ ਦਿਨ ਵਿਚ ਹੀ ਆਪਣੇ 10 ਲੱਖ ਦੇ ਕਰੀਬ ਅਨੁਯਾਈਆਂ ਨੂੰ ਬੁੱਧ ਧੱਮ ਦੀ ਦੀਖਸ਼ਾ ਦਿੱਤੀ ਸੀ ਜ਼ੋ ਦੁਨੀਆਂ ਦਾ ਕੋਈ ਵੀ ਧਰਮ ਸੰਸਥਾਪਕ, ਧਰਮ ਉਪਦੇਸ਼ਕ ਜਾਂ ਧਰਮ ਪ੍ਰਚਾਰਕ ਨਹੀਂ ਦੇ ਸਕਿਆ।

ਸਾਨੂੰ ਇਕ ਗੱਲ ਜੋ ਖਾਸ ਤੌਰ ਉੱਤੇ ਯਾਦ ਰੱਖਣੀ ਚਾਹੀਦੀ ਹੈ ਉਹ ਇਹ ਹੈ ਕਿ ਜਿਥੇ ਬਾਬਾ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਸਮਤਾ, ਸਮਾਨਤਾ, ਨੈਤਿਕਤਾ ਅਤੇ ਤਰਕਸ਼ੀਲਤਾ ਦੇ ਬੁੱਧ ਧੰਮ ਰੂਪੀ ਵਿਸ਼ਾਲ ਸਾਗਰ ਵਿਚ ਲਿਆਂਦਾ ਉੱਥੇ ਉਨ੍ਹਾਂ ਨੇ ਬ੍ਰਾਹਮਣਵਾਦੀ ਹਿੰਦੂ ਧਰਮ ਦੇ ਜਾਤੀਵਾਦ, ਅੰਧ-ਵਿਸ਼ਵਾਸ, ਅਗਿਆਨਤਾ, ਬਾਬਾ ਸਾਹਿਬ ਦੇ ਸ਼ਬਦਾਂ ਮੁਤਾਬਿਕ ਨਰਕ, ਵਿਚੋਂ ਵੀ ਕੱਢਿਆ ਹੈ।

ਇਸ ਲਈ 14 ਅਕਤੂਬਰ ਦਾ ਇਕ ਖਾਸ ਮਹੱਤਵ ਹੈ ਦੇਸ਼-ਵਿਦੇਸ਼ ਵਿਚ 14 ਅਕਤੂਬਰ(1956) ਹੀ ਨੂੰ ਬੁੱਧ ਧੰਮ ਦੀਖਸ਼ਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਨਾ ਵਿਦੇਸ਼ਾਂ ਵਿਚ ਅਤੇ ਨਾ ਦੱਖਣ ਭਾਰਤ ਸਥਿਤ ਸੂਬਿਆਂ ਵਿਚ ਦੁਸਹਿਰਾ ਮਨਾਇਆ ਜਾਂਦਾ ਹੈ, ਕਈ ਥਾਵਾ 'ਤੇ ਮਹਾਕਵੀ ਵਾਲਮੀਕਿ ਅਨੁਸਾਰ 'ਮਹਾਤਮਾ' ਕਹੇ ਜਾਣ ਵਾਲੇ ਰਾਵਣ ਦੇ ਪੁਤਲੇ ਸਾੜਣ ਦੀ ਬਜਾਏ, ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਕ ਹੋਰ ਗੜਬੜ ਹੈ ਉਹ ਇਹ ਕਿ ਬ੍ਰਾਹਮਣੀ ਤਿਉਹਾਰ ਦੁਸਹਿਰਾ ਕਦੀ 14 ਅਕਤੂਬਰ ਤੋਂ ਪਹਿਲਾਂ ਅਤੇ ਕਦੀ ਬਾਅਦ ਵਿਚ ਆਉਂਦਾ ਹੈ। ਇਹ ਗੱਲ ਵੀ ਧਿੱਆਨ ਵਿਚ ਰੱਖਣ ਦੀ ਲੋੜ ਹੈ।

ਦੇਖਿਆ ਗਿਆ ਹੈ ਕਿ ਜ਼ੋ ਬੋਧੀ ਲੋਕ ਅਸ਼ੋਕ ਵਿਜੈ ਦਸ਼ਵੀਂ ਮਨਾਓਣ ਦਾ ਢੋਂਗ ਕਰਦੇ ਹਨ, ਉਹ ਜੱਲਦੀ-ਜੱਲਦੀ ਉਸ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਹਿੰਦੂਆਂ ਦੇ ਦੁਸਹਿਰੇ ਵਲ ਵੀ ਭੱਜਦੇ ਹਨ ਸਮਾਜ ਦੇ ਗੁਮਰਾਹ ਹੋਏ ਕੁਝ ਬੋਧੀ ਅਗਿਆਨਤਾ ਵੱਸ ਦੀ-ਵਾਲੀ ਨੂੰ ਵੀ ਦੀਪਮਾਲਾ ਕਰਨ ਲੱਗ ਪਏ ਹਨ ਅਤੇ ਹਾਸੋ-ਹੀਣੇ ਤਰਕ ਦਿੰਦੇ ਹਨ ਕਿ ਇਸ ਦਿਨ ਮਹਾਮਾਨਵ ਬੁੱਧ ਫਲਾਨੇ ਪਿੰਡ ਗਏ ਸੀ ਤੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੇ ਆਉਣ ਦੇ ਸਵਾਗਤ ਵਜੋਂ ਦੀਪਮ-ਾਲਾ ਕੀਤੀ ਸੀ, ਇਸ ਲਈ ਦੀਵਾਲੀ ਵੀ ਬੋਧੀਆ ਦਾ ਹੀ ਤਿਓਹਾਰ ਹੈ।

ਅਜਿਹੇ ਲੋਕਾਂ ਦੇ ਅੰਦਰ ਬ੍ਰਾਹਮਣਵਾਦ ਇਸ ਹੱਦ ਤੱਕ ਘਰ ਕਰਕੇ ਬੈਠਾ ਹੈ ਕਿ ਉਨ੍ਹਾਂ ਦੀ ਮਾਨਸਿਕਤਾ ਨੂੰ ਦੇਖਦੇ ਹੋਏ ਆਪਾਂ ਕਹਿ ਸਕਦੇ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਲੋਕ ਕਹਿਣਗੇ।

ਕਿ ਇਕ ਔਰਤ ਨੇ ਬੁੱਧ ਦੇ ਰੱਖੜੀ ਬੰਨੀ ਸੀ ਇਸ ਲਈ ਰੱਖੜੀ ਵੀ ਬੋਧੀਆਂ ਦਾ ਹੀ ਤਿਉਹਾਰ ਹੈ ਬੁੱਧ ਨੇ ਹੀ ਹੋਲੀ ਖੇਡਣ ਅਤੇ ਰੱਖੜੀ ਮਨਾਉਣ ਦੀ ਪਰੰਪਰਾ ਚਲਾਈ ਹੈ ਬਲਕਿ ਅੱਜ ਜੋ ਵੀ ਹਿੰਦੂ ਲੋਕ ਤਿਊਹਾਰ ਮਨਾਉਂਦੇ ਹਨ ਉਹ ਸਭ ਪਹਿਲਾਂ ਬੋਧੀਆ ਦੇ ਹੀ ਤਿਊਹਾਰ ਸਨ ਇਸ ਦਾ ਕਾਰਨ ਇਹੋ ਹੈ ਕਿ ਉਨ੍ਹਾਂ ਦੇ ਅੰਦਰ ਹਿੰਦੂ/ਬ੍ਰਹਾਮਣਵਾਦ ਛਿਪਿਆ ਬੈਠਾ ਹੈ, ਜੋ ਉਨ੍ਹਾ ਤੋਂ ਹਾਸੋ-ਹੀਣੀਆਂ ਹਰਕਤਾਂ ਕਰਵਾ ਰਿਹਾ ਹੈ ਇਸ ਤਰ੍ਹਾਂ ਉਹ ਸਮਾਜ ਨੂੰ ਧੋਖਾ ਦੇ ਰਹੇ ਹਨ।

ਪਿਆਰੇ ਬੋਧੀ ਭੈਣੋ-ਭਰਾਵੋਂ, ਆਓ, ਆਪਣੇ ਅੰਦਰਲੇ ਹਿੰਦੂ ਨੂੰ ਬਾਹਰ ਕੱਡੀਏ ਤੇ ਉਸ ਦੀ ਥਾਂ 'ਤੇ ਆਪਣੇ ਅੰਦਰ ਬੁੱਧ ਤੇ ਅੰਬੇਡਕਰ ਦੀਆ ਨਿਰਮਲ ਤੇ ਤਰਕਸ਼ੀਲ ਸਿਖਿਆਵਾਂ ਨੂੰ ਦ੍ਰਿੜ੍ਹਤਾ ਨਾਲ ਸਥਾਪਿਤ ਕਰੀਏ।

ਸਾਡਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਬਲਕਿ ਅਸੀਂ ਚਾਹੁੰਦੇ ਹਾਂ ਕਿ ਬ੍ਰਾਹਮਣਵਾਦੀ ਤਾਕਤਾਂ ਅੰਬੇਡਕਰਵਾਦ ਨੂੰ ਖਤਮ ਕਰਨ ਲਈ ਸਮਾਜ ਦੇ ਭੋਲੇ ਭਾਲੇ ਜਾਂ ਮੰਦਬੁੱਧੀ ਲੋਕਾਂ ਨੂੰ ਆਪਣਾ ਹੱਥ-ਠੋਕਾ ਬਣਾ ਕੇ ਅੰਬੇਡਕਰਵਾਦ ਵਿਚ ਜੋ ਗੰਦਲਾਪਨ ਫੈਲਾ ਰਹੇ ਹਨ ਉਸ ਗੰਦਲੇਪੰਨ ਨੂੰ ਦੂਰ ਕੀਤਾ ਜਾਵੇ ਤਾਂ ਜੋ ਸਾਡਾ ਸਮਾਜ ਮੁੜ ਬ੍ਰਾਹਮਣਵਾਦ ਦਾ ਗੁਲਾਮ ਨਾ ਬਣ ਸਕੇ।

ਅਸੀਂ ਸਮਾਜ ਦੇ ਹਰ ਇਕ ਸ਼ਖਸ, ਜ਼ੋ ਸਮਾਜ ਨੂੰ ਅੰਬੇਡਕਰਵਾਦ ਦੁਆਰ ਜਾਗ੍ਰਿਤ ਕਰਨਾ ਚਾਹੁੰਦਾ ਹੈ, ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਉਪਰੋਕਤ ਵਿਸ਼ੇ ਬਾਰੇ ਆਪਣੇ ਵਿਚਾਰ ਸਾਨੂੰ ਲਿਖ ਕੇ ਜ਼ਰੂਰ ਭੇਜਣ।

ਨਮੋ ਬੁੱਧਾਏ, ਜੈ ਭੀਮ!

**ਪ੍ਰਕਾਸ਼ਕ ਤੇ ਛਾਪਕ :**
**ਜ਼ਸਵਿੰਦਰ ਵਰਿਆਣਾ (ਪ੍ਰਧਾਨ)**
**ਆਲ ਇੰਡੀਆ ਸਮਤਾ ਸੈਨਿਕ ਦਲ**
**(ਰਜਿ:) ਪੰਜਾਬ ਸ਼ਾਖਾ**

www.deshdoaba.com
www.ambedkartimes.com


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪ੍ਰਗਟ ਦਿਵਸ ਦੀ ਤਿਆਰੀ ਸਬੰਧੀ ਭਰਵੀਂ ਮੀਟਿੰਗ ਹੋਈ





**ਯੂਬਾ ਸਿਟੀ-** ਬੀਤੇ ਐਤਵਾਰ ਹਫਤਾਵਾਰੀ ਪ੍ਰੋਗਰਾਮ ਤੋਂ ਤੁਰੰਤ ਬਾਅਦ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਦੀ ਦੀ ਪ੍ਰਧਾਲਗੀ ਹੇਠ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਸੰਗਤਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਪ੍ਰਗਟ ਦਿਵਸ ਦੇ ਪ੍ਰੋਗਰਾਮ ਨੂੰ ਵਧੀਆ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿਚ ਬਲਵੀਰ ਧਾਰੀਵਾਲ, ਵਿਸ਼ਾਲ ਸ਼ਰਬਤੀ, ਸੰਤੋਖ ਸਿੰਘ ਗਿੱਲ, ਰਵੀ ਕੁਮਾਰ, ਕੁੰਦਨ ਲਾਲ, ਜੋਗਿੰਦਰ ਸਿੰਘ ਸ਼ੌਂਕੀ, ਨਰਿੰਦਰ ਕੁਮਾਰ ਗਿੱਲ, ਪ੍ਰਕਾਸ਼ ਸਿੰਘ ਗਿੱਲ, ਦੀਪਕ ਥਾਪਰ, ਪਲਵਿੰਦਰ ਸਿੰਘ ਸਹੋਤਾ, ਰਾਮ ਪਾਲ ਮੱਟੂ, ਵਿਨੋਦ ਗਿੱਲ ਤੇ ਮਾਸਟਰ ਬਲਵਿੰਦਰ ਸਿੰਘ ਗਿੱਲ ਤੇ ਬਹੁਤ ਸਾਰੀਆਂ ਬੀਬੀਆਂ ਨੇ ਵੀ ਹਿੱਸਾ ਲਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ ਅਰੰਭ ਪਾਠ ਸ੍ਰੀ ਵਾਲਮੀਕ ਰਮਾਇਣ ਸਾਹਿਬ ਤੋਂ ਪ੍ਰੋਗਰਾਮ ਦੇ ਅੰਤ 13 ਅਕਤੂਬਰ 2019 ਐਤਵਾਰ ਸ਼ਾਮ 4 ਵਜੇ ਤੱਕ ਸਭ ਸੇਵਾਦਾਰਾਂ ਨੇ ਆਪਣੀ-ਆਪਣੀ ਇੱਛਾ ਤੇ ਸਮਰੱਥਾ ਅਨੁਸਾਰ ਡਿਊਟੀਆਂ ਲੈ ਲਈਆਂ ਹਨ। ਹਰੇਕ ਸੇਵਾਦਾਰ ਆਪਣੀ ਡਿਊਟੀ ਨੂੰ ਸੰਭਾਲਣ 'ਚ ਖੁਸ਼ੀ ਤੇ ਉਤਸ਼ਾਹ ਮਹਿਸੂਸ ਕਰ ਰਿਹਾ ਹੈ।

ਪ੍ਰਧਾਨ ਜੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਕੋਈ ਵੀ ਸੇਦਾਦਾਰ ਕਿਸੇ ਕਿਸਮ ਦੀ ਕੋਈ ਹੋਰ ਸੇਵਾ ਲੈਣ ਦਾ ਚਾਹਵਾਨ ਹੋਵੇ ਤਾਂ ਸੇਵਾ ਲੈ ਸਕਦਾ ਹੈ। ਕਿਸੇ ਤਰ੍ਹਾਂ ਦੀ ਜਾਣਕਾਰੀ ਜਾਂ ਸੇਵਾ ਲਈ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੀਟਿੰਗ ਦੌਰਾਨ ਮਾਹੌਲ ਬਹੁਤ ਹੀ ਖੁਸ਼ਗਵਾਰ ਸੀ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਵੱਲੋਂ ਦਿੱਤੀ ਗਈ ਤੇ ਦੱਸਿਆ ਕਿ ਸਾਰੇ ਪ੍ਰੋਗਰਾਮ ਦੀ ਤਿਆਰੀ ਲੱਗਭੱਗ ਮੁਕੰਮਲ ਹੋ ਚੁੱਕੀ ਹੈ।

## ਫਰਿਜ਼ਨੋ ਬਿੱਗ ਫੇਅਰ' 'ਤੇ ਲੱਗੀਆਂ ਰੌਣਕਾਂ ਅਤੇ ਕਾਉਂਟੀ ਮਿਊਜ਼ੀਅਮ ਵਿੱਚ ਕੀਤਾ ਸਿੱਖ ਇਤਿਹਾਸਕ ਵਸਤਾਂ ਨੂੰ ਸਥਾਪਿਤ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** "ਫਰਿਜ਼ਨੋ ਬਿੱਗ ਫੇਅਰ" ਭਾਵ 'ਫਰਿਜ਼ਨੋ ਦਾ ਵੱਡਾ ਮੇਲਾ' ਜਿਸ ਦੀ ਸੁਰੂਆਤ 1884 ਈ. ਤੋਂ ਹੋਈ ਸੀ। ਲੋਕ ਬੇਸ਼ੱਕ ਹੁਣ ਸ਼ਹਿਰੀ ਹੋ ਗਏ ਹਨ, ਪਰ ਇਹ ਪਰੰਪਰਾ ਅੱਜ ਵੀ ਲੋਕਾਂ ਨੇ ਮੇਲੇ ਦੀ ਇਸ ਪਰੰਪਰਾ ਨੂੰ ਸੰਭਾਲ ਕੇ ਰੱਖਿਆਂ ਹੋਇਆਂ ਹੈ ਅਤੇ ਇਹ ਅਮਰੀਕਾ ਦਾ ਪੰਜਵਾਂ ਸਭ ਤੋਂ ਵੱਡਾ ਮੇਲਾ ਹੈ। ਇਸ ਦੋ ਹਫ਼ਤੇ ਚੱਲਣ ਵਾਲੇ ਵੱਡੇ ਮੇਲੇ ਵਿੱਚ ਪਹਿਲੇ ਦਿਨ ਇਲਾਕੇ ਦੇ ਹਾਈ ਸਕੂਲਾਂ ਦੇ ਚੰਗੇ ਵਿੱਦਿਅਕ ਗਰੇਡ ਵਾਲੇ ਬੱਚਿਆ ਨੂੰ ਡਰਾਅ ਰਾਹੀ ਇਨਾਮ ਅਤੇ ਹਜ਼ਾਰਾਂ ਡਾਲਰਾਂ ਦੇ ਵਜ਼ੀਫ਼ੇ ਦਿੱਤੇ ਜਾਂਦੇ ਹਨ। ਜਦ ਕਿ ਬੱਚਿਆ ਲਈ ਹੀ ਇਕ 'ਟਵਾਟਾ ਕਰੋਲਾ' (ਠੌਟਅ ਛੋਰੋਲਲਅ) ਕਾਰ ਵੀ ਇਨਾਮ ਵਿੱਚ ਦਿੱਤੀ ਗਈ। ਵੱਖ-ਵੱਖ ਨਾਮਵਰ ਅਮੈਰੀਕਨ ਗਾਇਕਾ ਅਤੇ ਕਲਾਕਾਰਾਂ ਦੇ ਸ਼ੋ, ਲੋਕਾਂ ਅਤੇ ਸਕੂਲੀ ਬੱਚਿਆ ਦੁਆਰਾਂ ਆਪਣੇ ਪਾਲੇ ਹੋਏ ਜਾਨਵਰਾਂ ਦਾ ਪ੍ਰਦਰਸ਼ਨ, ਚੰਗੀ ਬਾਗਬਾਨੀ-ਫੁੱਲਾਂ ਦਾ ਪ੍ਰਦਰਸ਼ਨ ਆਦਿਕ ਮੁਕਾਬਲੇ ਹੁੰਦੇ ਹਨ। ਇੱਥੋ ਦੇ ਖਾਣ-ਪੀਣ ਦੇ ਸੌਕੀਨਾਂ



ਲਈ ਸੁਆਦਿਸਟ ਖਾਣਿਆਂ ਦੇ ਸਟਾਲ ਵੀ ਖਿੱਚ ਦਾ ਕੇਂਦਰ ਰਹਿੰਦੇ ਹਨ। ਜਦ ਬੱਚਿਆ ਤੋਂ ਲੈ ਸਿਆਣਿਆਂ ਤੱਕ ਖੇਡਾਂ, ਝੂਲੇ, ਚੰਡੋਲ ਅਤੇ ਘੋੜਿਆ ਦੀ ਰੇਸ ਮੁਕਾਬਲੇ ਆਦਿਕ ਦਿਲਚਸਪ ਹੁੰਦੇ ਹਨ। ਇਸ ਸਾਲ ਮੇਲੇ ਦੀ ਇਸ ਖਾਸੀਅਤ ਰਾਹੀ ਕਿ ਸਿੱਖ ਭਾਈਚਾਰੇ ਵੱਲੋਂ ਉੱਦਮ ਕਰਕੇ ਉੱਥੋ ਦੇ ਸਥਾਨਿਕ 'ਫਰਿਜ਼ਨੋ ਕਾਉਂਟੀ ਮਿਊਜ਼ੀਅਮ' ਵਿੱਚ ਸਿੱਖ ਪਹਿਚਾਣ ਲਈ ਸ੍ਰੀ ਦਰਬਾਰ ਸਾਹਿਬ ਦਾ ਮਾਡਲ, ਪੁਰਾਤਨ ਸਿੱਖ ਰਿਆਸਤ ਦੇ ਸਿੱਕੇ, ਸ਼ਸਤਰ, ਤਸਵੀਰਾਂ ਅਤੇ ਟੀ.ਵੀ. ਸਕਰੀਨਾਂ ਰਾਹੀ ਸਿੱਖ ਇਤਿਹਾਸ ਦਾ ਪ੍ਰਦਰਸ਼ਨ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਹੁਣ ਜਿੱਥੇ ਛੇ ਲੱਖ ਤੋਂ ਵਧੀਕ ਲੋਕ ਮੇਲੇ ਨੂੰ ਦੇਖਣ ਜਾਣਗੇ, ਉਹ ਮਿਊਜ਼ੀਅਮ ਰਾਹੀ ਸਿੱਖਾਂ ਪ੍ਰਤੀ ਵੀ ਜਾਣਕਾਰੀ ਹਾਸਲ ਕਰ ਸਕਣਗੇ। ਜੋ ਸਮੁੱਚੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਸ ਸਿੱਖ ਪਹਿਚਾਣ ਵਾਲੇ ਹਿੱਸੇ ਦਾ ਹੋਰ ਵਸਤਾਂ ਅਤੇ ਟੱਚ ਸਕਰੀਨਾਂ ਲਾ ਕੇ ਬਹੁਤ ਜਲਦ ਰਸਮੀ ਉ-ਦਘਾਟਨ ਕੀਤਾ ਜਾਵੇਗਾ। ਅੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਮੇਲਾ ਹਮੇਸਾ ਹੀ ਰੌਣਕਾਂ ਵੰਡਦਾ ਹੋਇਆਂ ਸਭ ਪਰਿਵਾਰਾਂ ਨੂੰ ਇਕੱਠੇ ਵਿਚਰਨ ਦਾ ਮੌਕਾ ਦਿੰਦਾ ਹੈ।

## ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਬਰਸੀ 11, 12, 13 ਅਕਤੂਬਰ ਨੂੰ ਮਨਾਈ ਜਾਵੇਗੀ

**ਪਿਟਸਬਰਗ-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 79ਵੀਂ ਬਰਸੀ ਗੁਰੂ ਘਰ ਵਿਖੇ 11, 12, 13 ਅਕਤੂਬਰ 2019 ਨੂੰ ਮਨਾਈ ਜਾਵੇਗੀ। ਸ੍ਰੀ ਅਖੰਡ ਪਾਠ ਸਾਹਿਬ ਜੀ 11 ਅਕਤੂਬਰ ਨੂੰ ਸਵੇਰੇ 10 ਵਜੇ ਗੁਰੂ ਘਰ ਵਿਖੇ ਪ੍ਰਰੰਭ ਹੋਣਗੇ ਅਤੇ ਐਤਵਾਰ 13 ਅਕਤੂਬਰ 2019 ਨੂੰ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਇਸ ਦਰਮਿਆਨ ਕੀਰਤਨ ਜਥੇ ਸ਼ਬਦ ਗਾਇਨ, ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬੁਲਾਰੇ ਉਹਨਾਂ ਦੇ ਜੀਵਨ ਅਤੇ ਉਪਦੇਸ਼ ਤੇ ਚਾਨਣਾ ਪਾਉਣਗੇ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸੰਦੀਪ ਸਿੰਘ ਧਾਲੀਵਾਲ ਨੂੰ ਹਜ਼ਾਰਾਂ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਸੇਜਲ ਅੱਖਾਂ ਨਾਲ ਸਰਧਾਂਜਲੀ ਭੇਂਟ ਕੀਤੀ

## ਪੁਲੀਸ ਅਧਿਕਾਰੀਆਂ ਦੁਆਰਾ 21 ਤੋਪਾਂ ਦੀ ਸਲਾਮੀ













ਹਿਊਸਟਨ, ਟੈਕਸਸ( ਹੁਸਨ ਲੜੋਆ ਬੰਗਾ)- ਅਮਰੀਕਨ ਸਿੱਖ ਪੁਲੀਸ ਅਫਸਰ ਸੰਦੀਪ ਸਿੰਘ ਧਾਲੀਵਾਲ ਜਿਨਾਂ ਨੂੰ ਬੀਤੇ ਦਿਨੀਂ ਇੱਕ ਸਿਰ ਫਿਰੇ ਵਿਆਕਤੀ ਵਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਅੱਜ ਸਿਰਫ ਹਿਊਸਟਨ ਹੀ ਨਹੀ ਸਗੋਂ ਪੂਰੇ ਅਮਰੀਕਾ ਨੇ ਉਨਾਂ ਦੇ ਅੰਤਮ ਸੰਸਕਾਰ ਤੇ ਸਰਧਾਂਜਲੀ ਭੇਂਟ ਕੀਤੀ ਤੇ ਹਜਾਂਰਾਂ ਦੀ ਤਦਾਦ ਨਾਲ ਸਥਾਨਕ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਅੰਤਮ ਸਰਕਾਰੀ ਪ੍ਰਕਿਰਿਆ ਤੇ ਸਿੱਖ ਰਹਿਤ ਮੁਰਿਆਦਾ ਨਾਲ ਕੀਤੇ ਅੰਤਿਮ ’ਚ ਸਮੂਲੀਅਤ ਕੀਤੀ।ਇਸ ਦੌਰਾਨ ਲੋਕ ਸੇਜਲ ਅੱਖਾਂ ਨਾਲ ਸਥਾਨਕ ਵਸਨੀਕ ਸੰਦੀਪ ਸਿੰਘ ਧਾਲੀਵਾਲ ਨੂੰ "ਨਿਮਰ" ਅਤੇ "ਨਿਡਰ" ਵਜੋਂ ਸਨਮਾਨਿਤ ਕਰਨ ਲਈ ਦਿਨ ਭਰ ਦੀਆਂ ਚਲੀਆਂ ਰਸਮਾਂ ਚ ਸ਼ਾਮਿਲ ਹੋਣ ਲਈ ਪਹੁੰਚੇ । ਧਾਲੀਵਾਲ, 42, ਹੈਰਿਸ ਕਾਉਂਟੀ ਵਿੱਚ ਇੱਕ ਸਿੱਖ ਸ਼ੈਰਿਫ ਦਾ ਪਹਿਲਾ ਡਿਪਟੀ ਸੀ, ਇਸ ਖੇਤਰ ਵਿੱਚ ਕਰੀਬ ਦਸ ਹਜਾਰ ਲੋਕ ਰਹਿੰਦੇ ਹਨ । ਅੱਜ ਸਰਧਾਂਜਲੀ ਸਮਾਗਮ ਦੌਰਾਨ ਅਮਰੀਕੀ ਫੌਜ ਦੇ ਕਪਤਾਨ ਸਿਮਰਤਪਾਲ ਸਿੰਘ, ਜਿਸਨੇ ਸਿੱਖ ਭਾਈਚਾਰੇ ਦੇ ਹੋਰ ਮੈਂਬਰਾਂ ਨੂੰ ਵੀ ਮਿਲਟਰੀ ਸਰਵਿਸ ਵਿਚ ਸ਼ਾਮਲ ਕੀਤਾ, ਨੇ ਧਾਲੀਵਾਲ ਬਾਰੇ ਕਿਹਾ ਕਿ ਉਹ ’ਨਿਮਰ, ਨਿਡਰ, ਨਕਾਰਾਤਮਕਤਾ ਸੋਚ ਤੋਂ ਉਪਰ ਸੀ।’ਉਨ੍ਹਾਂ ਕਿਹਾ, “ਸਾਡਾ ਸ਼ੇਰ ਸਰੀਰਕ ਤੌਰ’ ਤੇ ਚਲਾ ਜਾ ਸਕਦਾ ਹੈ, ਪਰ ਉਸ ਦੀ ਨਿਰਸਵਾਰਥ ਸੇਵਾ ਅਤੇ ਰੁਕਾਵਟਾਂ ਨੂੰ ਤੋੜਨ ਵਾਲੀ ਵਿਰਾਸਤ ਬਣੀ ਰਹੇਗੀ। ਅੱਜ ਦੇ ਅਯੋਜਿਨ ਵਿਚ ਦੋ ਤਰਾਂ ਦੇ ਜਲੂਸ, ਜਿਨਾਂ ਇੱਕ ਸਿੱਖ ਧਰਮ ਦੀ ਰਹਿਤ ਮੁਰਿਆਦਾ ਮੁਤਾਬਕ ਤੇ ਦੂਸਰਾ ਸਰਕਾਰੀ ਲਾਅ ਇੰਨਫੋਰਸਮੈਂਟ ਦੀ ਜਲੂਸ ਰੂਪੀ ਪ੍ਰਕਿਰਿਆ ਹੋਈ। ਅੰਤਮ ਸੰਸਕਾਰ ਦੌਰਾਨ ਪੁਲੀਸ ਅਧਿਕਾਰੀਆਂ ਦੁਆਰਾ 21 ਤੋਪਾਂ ਦੀ ਸਲਾਮੀ ਅਤੇ ਇਕ ਹੈ-ਲੀਕਾਪਟਰ ਫਲਾਈਓਵਰ ਸ਼ਾਮਲ ਸਨ। ਜਲੂਸ ਦਾ ਰਸਤਾ ਨੀਲੇ ਅਤੇ ਚਿੱਟੇ ਰੰਗਾਂ ਚ ਰੰਗਿਆ ਗਿਆ ਸੀ ਤੇ ਸੰਦੀਪ ਸਿੰਘ ਧਾਲੀਵਾਲ ਦੀ ਪ੍ਰਸੰਸਾਂ ਚ ਨੀਲੇ ਅਤੇ ਚਿੱਟੇ ਰੰਗਾਂ ਚ ਲਿਖਿਆ ਗਿਆ ਸੀ , "ਹਮੇਸ਼ਾਂ ਸਾਡੇ ਦਿਲਾਂ ਵਿੱਚ" ਅਤੇ "ਲਵਿੰਗ ਮੈਮੋਰੀ ਆਫ ਡਿਪਟੀ ਧਾਲੀਵਾਲ।" ਸਿੱਖ ਨੈਸ਼ਨਲ ਸੈਂਟਰ ਨੇ ਸਮਾਰੋਹ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਹੈਰੀਸ ਕਾਉਂਟੀ ਸ਼ੈਰਿਫ ਦੇ ਦਫਤਰ ਵਰਦੀ ਵਾਂਗ ਹੀ ਨੇਵੀ ਨੀਲਾ ਪਹਿਨਣ ਲਈ ਕਿਹਾ ਗਿਆ ਸੀ। ਸੈਨੇਟਰ ਟੇਡ ਕਰੂਜ਼, ਟੈਕਸਾਸ ਨੇ ਸਮਾਰੋਹ ਦੌਰਾਨ ਦੌਰਾਨ ਹਜ਼ਾਰਾਂ ਲੋਕਾਂ ਨੂੰ ਖਾਸ ਕਰ ਧਾਲੀਵਾਲ ਦੀ ਪਤਨੀ ਅਤੇ ਤਿੰਨ ਬੱਚਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਈਚਾਰਾ "ਤੁਹਾਡਾ ਸਮਰਥਨ ਕਰਦਾ ਹੈ ਅਤੇ ਤੁਹਾਨੂੰ ਉੱਪਰ ਚੁੱਕਦਾ ਹੈ।"ਕਰੂਜ਼ ਨੇ ਕਿਹਾ, “ਅਸੀਂ ਤੁਹਾਡੇ ਪਿਤਾ ਦੀ ਸੇਵਾ ਅਤੇ ਉਸ ਦੀ ਕੁਰਬਾਨੀ ਅਤੇ ਉਸ ਦੀ ਵਿਰਾਸਤ ਲਈ ਧੰਨਵਾਦੀ ਹਾਂ। ਤਿੰਨ ਬੱਚਿਆਂ ਦਾ ਪਿਤਾ 10 ਸਾਲ ਪਹਿਲਾਂ ਫੋਰਸ ਵਿਚ ਸ਼ਾਮਲ ਹੋਇਆ ਸੀ ਅਤੇ ਡਿਊਟੀ ਦੌਰਾਨ ਧਾਰਮਿਕ ਪੱਗ ਅਤੇ ਦਾੜ੍ਹੀ ਪਾਉਣ ਦੀ ਇਜਾਜ਼ਤ ਪ੍ਰਾਪਤ ਕਰਨ ਵਾਲੇ ਰਾਜ ਦਾ ਪਹਿਲਾ ਪੁਲਿਸ ਅਧਿਕਾਰੀ ਸੀ।ਹੈਰਿਸ ਕਾਉਂਟੀ ਸ਼ੈਰਿਫ ਐਡ ਗੋਂਜ਼ਾਲੇਜ ਨੇ ਧਾਲੀਵਾਲ ਨੂੰ “ਸਮਰਪਣ, ਵਿਸ਼ਵਾਸ, ਪਿਆਰ ਅਤੇ ਹਮਦਰਦੀ ਵਾਲਾ ਆਦਮੀ” ਦੱਸਿਆ। ਨਿਊਜਰਸੀ ਦੇ ਅਟ-ਾਰਨੀ ਜਨਰਲ ਗੁਰਬੀਰ ਗਰੇਵਾਲ, ਜੋ ਪਹਿਲੇ ਸਿੱਖ ਅਟਾਰਨੀ ਜਨਰਲ ਹਨ, ਨੇ ਕਿਹਾ ਕਿ ਧਾਲੀਵਾਲ ਨੇ “ਸਿੱਖਾਂ ਦੀ ਇਕ ਪੂਰੀ ਪੀੜ੍ਹੀ ਨੂੰ ਲੋਕ ਸੇਵਾ ਲਈ ਪ੍ਰੇਰਿਤ ਕੀਤਾ।

ਇਨਾਂ ਸੇਵਾਵਾਂ ਦੌਰਾਨ ਪਹਿਲਾਂ ਸੋਮਵਾਰ ਨੂੰ ਧਾਲੀਵਾਲ ਲਈ ਸ਼ੈਰਿਫ ਦੇ ਦਫਤਰ ਦੁਆਰਾ ਇਕ ਮੋਮਬੱਤੀ ਰੌਸ਼ਨੀ ਦੇ ਪ੍ਰੋਗਰਾਮ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਜਿਸ ਵਿੱਚ ਸੈਂਕੜੇ ਲੋਕਾਂ ਨੇ ਸਮੂਲੀਅਤ ਕੀਤੀ ਸੀ। ਇਸ ਤੋਂ ਇਲਾਵਾ ਗੁਰੂਦੁਆਰਾ ਸਿੱਖ ਨੈਸ਼ਨਲ ਸੈਂਟਰ ਵਿਖੇ ਇੱਕ 48 ਘੰਟੇ ਧਾਰਮਿਕ ਸਮਾਗਮ ਰੱਖਿਆ ਗਿਆ।

"ਸਿੱਖ ਕੋਲੀਸ਼ਨ" ਦੇ ”ਸਿਮਰਨ ਜੀਤ ਸਿੰਘ ਨੇ ਕਿਹਾ ਕਿ “ਉਹ ਇਕ ਕੌਮ ਦਾ ਹੀਰਾ ਸੀ। ਉਹ ਇੱਕ ਸੁੰਦਰ ਰੂਹ ਸੀ,"। ਜਿਹੜਾ ਵੀ ਉਸਨੂੰ ਜਾਣਦਾ ਸੀ ਉਹ ਉਸਦੀ ਪ੍ਰਸ਼ੰਸਾ ਕਰਦਿਆ ਦੇਖਿਆ ਗਿਆ ।ਜਿਥੇ ਸੰਦੀਪ ਸਿੰਘ ਧਾਲੀਵਾਲ ਦਾ ਅੰਤਮ ਸੰਸਕਾਰ ਬੇਰੀ ਸੈਂਟਰ ਵਿਖੇ ਆਯੋਜਿਤ ਕੀਤਾ ਗਿਆ, ਉਥੇ 8,000 ਲੋਕਾਂ ਦੇ ਬੈਠ ਸਕਦੇ ਸਨ, ਪਰ ਲੋਕਾਂ ਦੀ ਭੀੜ ਕਾਰਣ ਜਗ੍ਹਾ ਘੱਟ ਗਈ ਸੀ। ਸਾਰੀਆਂ ਸੇਵਾਵਾਂ ਨੂੰ ਕਈ ਟੀ ਵੀ ਚੈਨਲਾਂ , ਫੇਸਬੁੱਕ, ਟਵਿੱਟਰ ਅਤੇ ਯੂ-ਟਿਊਬ ’ਤੇ ਲਾਈਵ ਕੀਤਾ ਗਿਆ ਸੀ। ਧਾਲੀਵਾਲ ਨੂੰ ਗੋਲੀਆਂ ਮਾਰਨ ਵਾਲਾ ਸੋਲਿਸ ਪੈਰੋਲ ਦੀ ਉਲੰਘਣਾ ਕਰਨ ’ਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਹੈ । ਉਸਦੀ ਇਹ ਕਰਤੂਤ ਮੁੜ ਫਿਰ ਉਸਨੂੰ ਜੇਲ੍ਹ ਲੈ ਗਈ। ਸੋਲਿਸ, ਜਿਸ ’ਤੇ ਕੈਪੀਟਲ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ, ਨੂੰ ਇਕ ਗਵਾਹ ਦੁਆਰਾ ਦਿੱਤੀ ਗਈ ਨਿਸ਼ਾਨੀ ਤੋਂ ਬਾਅਦ ਨੇੜਲੇ ਗਰੋਸਰੀ ਸਟੋਰ ਦੀ ਪਾਰਕਿੰਗ’ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਸੋਲਿਸ ਦੀ ਪਹਿਲੀ ਸੁਣਵਾਈ ਦੌਰਾਨ ਹੈਰਿਸ ਕਾਉਂਟੀ ਦੇ ਜੱਜ ਕ੍ਰਿਸ ਮੋਰਟਨ ਨੇ ਸਖਤ ਬੋਲਿਆ ਤੇ ਕਿਹਾ "ਇਸਦਾ ਸੰਭਾਵਤ ਨਤੀਜਾ ਹੈ ਕਿ ਇੱਥੇ ਮੌਤ ਦੀ ਸਜ਼ਾ ਹੋਵੇਗੀ."




ਭਾਜਪਾ ਦੇ ਕੌਮੀ ਪ੍ਰਧਾਨ ਅਤੇ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੇ ਪ੍ਰਤੀਨਿਧੀ ਮੰਡਲ ਨਾਲ ਮੁਲਾਕਾਤ ਕੀਤੀ ਅਤੇ ਸਮਾਜਿਕ ਵਿਸ਼ਿਆਂ 'ਤੇ ਚਰਚਾ ਕੀਤੀ। ਪ੍ਰਤੀਨਿਧੀ ਮੰਡਲ ਵਿਚ ਸ੍ਰੀ ਸਤਵਿੰਦਰ ਹੀਰਾ ਜੀ, ਦੁਸ਼ਿਅੰਤ ਗੌਤਮ ਜੀ, ਆਤਮਾ ਰਾਮ ਪਰਮਾਰ, ਸੁਰੇਸ਼ ਰਾਠੌਰ ਅਤੇ ਸੂਰਜ ਭਾਨ ਕਟਾਰੀਆ ਨੇ ਸੰਤ ਸ਼ੋਮਣੀ ਗੁਰੂ ਰਵਿਦਾਸ ਜੀ ਦਾ ਸਮਾਰਕ ਚਿੰਨ ਭੇਂਟ ਕੀਤਾ। ਉਹਨਾਂ ਕਿਹਾ ਕਿ ਦਿੱਲੀ ਦੇ ਤੁਗਲਕਾਬਾਦ ਵਿਚ ਸ੍ਰੀ ਗੁਰੂ ਰਵਿਦਾਸ ਮੰਤਰ ਜਲਦੀ ਬਣੇਗਾ।

# ਗੁਰੂ ਅਮਰਦਾਸ ਜੀ ਦੀਆਂ ਸਿੱਖਿਆਵਾਂ 'ਤੇ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮਾਂਟ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ 300 ਗੁਰਦੁਆਰਾ ਰੋਡ, ਫਰੀਮਾਂਟ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ। ਧਾਰਮਿਕ ਕਵਿਤਾਵਾਂ ਦੇ ਦੌਰ ਵਿਚ ਕਵੀ ਸ਼ਾਮਲ ਹੋਏ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਠਾਕੁਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਪ੍ਰਬੰਧਕਾਂ ਵੱਲੋਂ ਸਨਮਾਨ ਵਿਚ ਕਿਹਾ ਗਿਆ ਕਿ ਸੰਖੇਪ ਇਤਿਹਾਸ ਦੇ ਨਾਲ-ਨਾਲ ਸਧਾਰਨ ਸ਼ਬਦਾਂ ਵਿਚ ਕਵਿਤਾਵਾਂ ਨਾਲ ਸੰਗਤ ਨੂੰ ਜੋੜਿਆ ਹੈ। ਕਵੀ ਆਪਣਾ ਕੀਮਤੀ ਸਮਾਂ ਕੱਢ ਕੇ ਦੂਰ-ਦਰਾਜ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ।





ਬਹੁਤ ਦੁੱਖਦਾਈ ਖ਼ਬਰ ਨੇ ਉਦਾਸ ਕਰ ਦਿੱਤਾ ਹੈ ਕਿ ਹੁਸ਼ਿਆਰਪੁਰ ਦੇ ਅਦਬੀ ਖੇਤਰ ਦੀ ਮਹਿਬੂਬ ਸ਼ਖਸੀਅਤ ਅਤੇ ਉਰਦੂ ਦੇ ਨਾਮਵਰ ਸ਼ਾਇਰ ਪ੍ਰੋਫੈਸਰ ਪ੍ਰੇਮ ਕੁਮਾਰ ਨਜ਼ਰ ਜੀ ਅੱਜ (07.10.2019) ਸਦੀਵੀ ਵਿਛੋੜਾ ਦੇ ਗਏ ਹਨ। ਨਜ਼ਰ ਸਾਹਿਬ ਦੀ ਬਹੁਤ ਪਿਆਰੀ ਸ਼ਖਸੀਅਤ ਨੂੰ ਸਾਦਰ ਨਮਨ।

**–ਜੈ ਐਸ ਧੀਮਾਨ**



ਫਗਵਾੜਾ ਉਪ ਚੋਣ ਲਈ ਬਸਪਾ ਵੱਲੋਂ ਚੋਣ ਮੁਹਿੰਮ ਦੇ ਇੰਚਾਰਜ ਸਾਬਕਾ ਪ੍ਰਧਾਨ ਸ੍ਰੀ ਰਛਪਾਲ ਰਾਜੂ ਜੀ ਨਾਲ ਵਿਧਾਨ ਸਭਾ ਹਲਕਾ ਫਿਲੌਰ ਦੀ ਬਸਪਾ ਟੀਮ.... ਜੈ ਭੀਮ ਜੈ ਭਾਰਤ

# ਫਗਵਾੜਾ ਉਪ-ਚੋਣ 'ਚ ਠੇਕੇਦਾਰ ਭਗਵਾਨ ਦਾਸ ਸਿੱਧੂ ਦਾ ਸਮਰਥਨ - ਬਾਲੀ



**ਜਲੰਧਰ–** ਪੰਜਾਬ ਦੇ ਪ੍ਰਮੁੱਖ ਅੰਬੇਡਕਰੀਆਂ ਜਿਨ੍ਹਾਂ ਵਿਚ ਲਾਹੌਰੀ ਰਾਮ ਬਾਲੀ, ਪ੍ਰੋਫੈਸਰ ਜੀ ਸੀ ਕੌਲ, ਚਰਨ ਦਾਸ ਸੰਧੂ, ਬਲਦੇਵ ਰਾਜ ਭਾਰਦਵਾਜ, ਡਾ. ਮਹਿੰਦਰ ਅਤੇ ਐਡਵੋਕੇਟ ਕੁਲਦੀਪ ਭੱਟੀ ਨੇ ਇੱਕ ਸਾਂਝੇ ਬਿਆਨ ਵਿਚ ਫਗਵਾੜਾ ਵਿਧਾਨ ਸਭਾ ਉਪ-ਚੋਣ ਵਿਚ ਠੇਕੇਦਾਰ ਭਗਵਾਨ ਦਾਸ ਸਿੱਧੂ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ ਕਿਓਂਕਿ ਓਹੀ ਵਿਚਾਰ ਤੇ ਕਿਰਦਾਰ ਦੇ ਲਿਹਾਜ ਨਾਲ ਬੇਹਤਰੀਨ ਉਮੀਦਵਾਰ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਦੇਸ਼ ਦੀ ਮੌਜੂਦਾ ਸਥਿਤੀ ਦਾ ਤਕਾਜ਼ਾ ਹੈ ਕਿ ਉੱਚ ਸੋਚ ਅਤੇ ਸਮਾਜਿਕ ਸਮੱਸਿਆਵਾਂ ਨੂੰ ਵਿਧਾਨ ਸਭਾ ਵਿਚ ਬੁਲੰਦ ਅਵਾਜ ਨਾਲ ਚੁੱਕਣ ਵਾਲੇ ਪ੍ਰਤੀਨਿਧੀ ਚੁਣ ਕੇ ਭੇਜਣ ਦੀ ਲੋੜ ਹੈ। ਬਿਆਨ ਵਿਚ ਵੋਟਰਾਂ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਉਹ ਡਰ, ਲਾਲਚ ਅਤੇ ਧਾਰਮਿਕ-ਭੁਲੇਖਿਆਂ ਵਿਚ ਨਾ ਉਲਝ ਕੇ ਠੇਕੇਦਾਰ ਭਗਵਾਨ ਦਾਸ ਸਿੱਧੂ ਨੂੰ ਆਪਣੀਆਂ ਵੋਟਾਂ ਪਾ ਕੇ ਸਫਲ ਬਣਾਉਣ।

# ਕੁਝ ਵਿਚਾਰ

**ਨਰਿੰਦਰ ਸਿੰਘ ਕਪੂਰ**

* ਜੇ ਤੁਸੀਂ ਕਿਸੇ ਦਾ ਭਵਿੱਖ ਜਾਣਨਾ ਚਾਹੁੰਦੇ ਹੋ ਤਾਂ ਵੇਖੋ ਉਸ ਨੇ ਅੱਜ ਤੱਕ ਕੀਤਾ ਕੀ ਹੈ
* ਸ਼ਾਂਤ ਰਹਿਣ ਨਾਲ ਸਾਡੇ ਵਿਚ ਦੂਜਿਆਂ ਤੋਂ ਆਪਣੀ ਗੱਲ ਮਨਵਾਉਣ ਦੀ ਯੋਗਤਾ ਵੱਧ ਜਾਂਦੀ ਹੈ
* ਨੇਤਰਹੀਣ ਨੂੰ ਭਾਵੇਂ ਦਿਸਣਾ ਬੰਦ ਹੋ ਜਾਂਦਾ ਹੈ ਪਰ ਉਸ ਵਿਚ ਆਵਾਜ਼ ਨੂੰ ਵੇਖਣ ਦੀ ਕਲਾ ਜਾਗ ਪੈਂਦੀ ਹੈ
* ਪ੍ਰਸੰਨਤਾ ਨੂੰ ਲੱਭਣ ਦੀ ਲੋੜ ਨਹੀਂ, ਲੋੜ ਪ੍ਰੇਸ਼ਾਨ ਕਰਨ ਵਾਲੀਆਂ ਗੱਲਾਂ ਤੋਂ ਛੁਟਕਾਰਾ ਪਾਉਣ ਦੀ ਹੁੰਦੀ ਹੈ
* ਸਮਝ ਵਧਣ ਦੇ ਬਾਵਜੂਦ, ਮਨੁੱਖ ਦੀਆਂ ਇੱਛਾਵਾਂ ਘਟੀਆਂ ਨਹੀਂ, ਵਧੀਆਂ ਹਨ
* ਗਿਆਨ ਬੜਾ ਕਠਿਨ ਹੈ, ਗਿਆਨ ਦਾ ਹੰਕਾਰ ਆਸਾਨ ਹੈ
* ਸਾਦਾ ਹੋਏ ਬਿਨਾਂ ਸਾਂਤ ਅਤੇ ਸ਼ਾਂਤ ਹੋਏ ਬਿਨਾਂ ਸੰਤੁਸ਼ਟ ਹੋਣਾ, ਸੰਭਵ ਨਹੀਂ ਹੁੰਦਾ
* ਕਿਨਾਰਿਆਂ ਵਿਚ ਵਹਿੰਦਾ ਪਾਣੀ ਦਰਿਆ ਅਖਵਾਉਂਦਾ ਹੈ, ਕਿਨਾਰਿਆਂ ਦੀ ਉਲੰਘਣਾ ਕਰਨ ਵਾਲਾ ਪਾਣੀ ਹੜ੍ਹ ਬਣ ਜਾਂਦਾ ਹੈ, ਹੜ੍ਹ ਦਾ ਪਾਣੀ ਕਿਸੇ ਕੰਮ ਨਹੀਂ ਆਉਂਦਾ!
* ਪਾਗਲ ਨਾਲ ਬਹਿਸ ਕਰਨੀ, ਬਹਿਸ ਕਰਨ ਵਾਲੇ ਦਾ ਪਾਗਲਪਣ ਹੁੰਦੀ ਹੈ!
* ਜੂਆ, ਮਿਹਨਤ ਤੋਂ ਬੇਮੁਖ ਅਤੇ ਜ਼ਿੰਦਗੀ ਤੋਂ ਉਪਰਾਮ ਮਨੁੱਖ ਦੀ ਕਾਢ ਹੈ !
* ਮਹਾਨ ਵਿਅਕਤੀ ਬਚਪਨ ਤੋਂ ਹੀ ਜ਼ਿਮੇਵਾਰੀਆਂ ਨਿਭਾਉਣ ਲਗ ਪੈਂਦੇ ਹਨ !
* ਜਿਹੜਾ ਆਪਣੀਆਂ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰ ਸਕਦਾ, ਉਹ ਕਿਸੇ ਦਾ ਵੀ ਸਾਹਮਣਾ ਨਹੀਂ ਕਰ ਸਕਦਾ !
* ਆਪਣੇ ਆਪੇ ਦੀ ਬੇਅਦਬੀ ਕਰਨ ਨੂੰ ਸੁਸਤੀ ਕਹਿੰਦੇ ਹਨ!
* ਉਦਾਸ ਬੰਦਾ ਜਿਥੇ ਵੀ ਜਾਂਦਾ ਹੈ, ਉਥੇ ਅੱਗੇ ਮਾਯੂਸੀ ਖਲੋਤੀ ਹੁੰਦੀ ਹੈ !
* ਲਾਇਕ ਵਿਦਿਆਰਥੀ ਬਣਨ ਵਾਸਤੇ ਸੁੱਖ ਤਿਆਗਣੇ ਪੈਣਗੇ ਪਰ ਲਾਇਕ ਬਣਨ ਉਪਰੰਤ ਸਭ ਸੁੱਖ ਮਿਲ ਜਾਣਗੇ!

# ਗ਼ਦਰੀ ਬਾਬਿਆਂ ਦੇ 28ਵੇਂ ਮੇਲੇ ਨੂੰ ਸਿਧਾਰਥ ਵਰਦਰਾਜਨ ਅਤੇ ਅਰੁੰਧਤੀ ਰਾਏ ਕਰਨਗੇ ਸੰਬੋਧਨ

**ਜਲੰਧਰ–** ਜਲ੍ਹਿਆਂਵਾਲਾ ਬਾਗ਼ ਸਾਕੇ ਦੀ ਪਹਿਲੀ ਸ਼ਤਾਬਦੀ (1919-2019) ਨੂੰ ਸਮਰਪਤ ਗ਼ਦਰੀ ਬਾਬਿਆਂ ਦੇ 28ਵੇਂ ਮੇਲੇ ਦੇ ਸਿਖਰਲੇ ਦਿਨ ਪਹਿਲੀ ਨਵੰਬਰ ਦਿਨ ਵੇਲੇ ਮੁਲਕ ਦੇ ਚੋਟੀ ਦੇ ਵਿਦਵਾਨ ਸਿਧਾਰਥ ਵਰਦਰਾਜਨ ('ਦ ਵਾਇਰ' ਦੇ ਸੰਪਾਦਕ) ਅਤੇ ਅਰੁੰਧਤੀ ਰਾਏ (ਵਿਸ਼ਵ ਪ੍ਰਸਿੱਧ ਲੇਖਿਕਾ) ਮੇਲੇ ਨੂੰ ਸੰਬੋਧਨ ਕਰਨਗੇ।

ਇਹ ਬੁੱਧੀਮਾਨ ਕਾਮੇ, ਮੁਲਕ ਦੇ ਅੰਬਰਾਂ 'ਤੇ ਛਾਏ ਫ਼ਿਰਕੂ ਫਾਸ਼ੀਵਾਦ ਦੇ ਘਿਨੌਣੇ ਹੱਲੇ, ਆਰਥਕ ਮੰਦਹਾਲੀ, ਸਮਾਜਕ ਜਬਰ ਅਤੇ ਲੋਕਾਂ ਦੀ ਜ਼ਿੰਦਗੀ ਉਪਰ ਹੋ ਰਹੇ ਚੌਤਰਫ਼ੇ ਵਾਰਾਂ ਸਬੰਧੀ ਮੇਲੇ 'ਚ ਆਪਣੇ ਵਿਚਾਰ ਰੱਖਣਗੇ।




ਪਹਿਲੀ ਨਵੰਬਰ ਦਿਨ ਦੀ ਸ਼ੁਰੂਆਤ ਸਵੇਰੇ 10 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ ਵੱਲੋਂ ਝੰਡਾ ਲਹਿਰਾਉਣ ਅਤੇ ਆਪਣੇ ਵਿਚਾਰ ਰੱਖਣ ਨਾਲ ਹੋਵੇਗੀ। ਇਸ ਮੌਕੇ ਹੀ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਜੀ ਆਇਆਂ ਆਖਦੇ ਹੋਏ ਮੇਲੇ ਦਾ ਸੁਨੇਹਾ ਸਾਂਝਾ ਕਰਨਗੇ। ਉਪਰੰਤ ਅਮੋਲਕ ਸਿੰਘ ਵੱਲੋਂ ਲਿਖਿਆ ਸੰਗੀਤ-ਨਾਟ ਦੇ ਰੂਪ 'ਚ ਝੰਡੇ ਦਾ ਗੀਤ 'ਮਿੱਟੀ ਦੀ ਵੰਗਾਰ' ਹੋਏਗਾ।

ਸਾਰਾ ਦਿਨ ਵੰਨ-ਸੁਵੰਨੀਆਂ ਕਲਾ ਕਿਰਤਾਂ ਤੋਂ ਇਲਾਵਾ, ਗੁਰਸ਼ਰਨ ਸਿੰਘ ਦਾ ਲਿਖਿਆ ਨਾਟਕ 'ਇਹ ਲਹੂ ਕਿਸਦਾ ਹੈ?', ਚੰਡੀਗੜ੍ਹ ਸਕੂਲ ਆਫ਼ ਡਰਾਮਾ (ਇਕੱਤਰ ਸਿੰਘ) ਦੀ ਟੀਮ ਵੱਲੋਂ ਪੇਸ਼ ਹੋਏਗਾ। ਸ਼ਾਮ 4 ਤੋਂ 6 ਵਜੇ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰ੍ਹੇ ਗੰਢ ਮੌਕੇ ਵਿਚਾਰ-ਚਰਚਾ, 6 ਵਜੇ ਫੁੱਲਵਾੜੀ ਕਲਾ ਕੇਂਦਰ ਲੋਹੀਆ (ਜਗੀਰ ਜੋਸਣ) ਵੱਲੋਂ 'ਜਾਗੋ' ਅਤੇ ਰਾਤ ਭਰ ਨਾਟਕ ਅਤੇ ਗੀਤ-ਸੰਗੀਤ ਹੋਏਗਾ।

ਨਾਟਕਾਂ ਭਰੀ ਇਸ ਰਾਤ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ' ਸੁਚੇਤਕ ਰੰਗ ਮੰਚ ਮੁਹਾਲੀ (ਅਨੀਤਾ ਸ਼ਬਦੀਸ਼), 'ਬਾਲਾ ਕਿੰਗ' ਮੰਚ ਰੰਗ ਮੰਚ ਅੰਮ੍ਰਿਤਸਰ (ਕੇਵਲ ਧਾਲੀਵਾਲ), 'ਸੰਮਾਂ ਵਾਲੀ ਡਾਂਗ' ਅਦਾਕਾਰ ਮੰਚ ਮੁਹਾਲੀ (ਡਾ. ਸਾਹਿਬ ਸਿੰਘ), 'ਦੇਸ਼-ਧ੍ਰੋਹੀ ਕੌਣ?' ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ), 'ਕਹਾਣੀ ਵਾਲਾ ਦਿਲਗੀਰ' ਰੁਜ਼ਗਾਰ ਪ੍ਰਾਪਤੀ ਮੰਚ ਇਪਟਾ (ਵਿੱਕੀ ਮਹੇਸ਼ਰੀ) ਨਾਟਕ ਖੇਡੇ ਜਾਣਗੇ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਚ ਮਸਾਣੀ, ਲੋਕ ਸੰਗੀਤ ਮੰਡਲੀ ਜੀਦਾ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਿਰਮਾਣ, ਅੰਮ੍ਰਿਤਪਾਲ ਬਠਿੰਡਾ, ਗ਼ੁਲਾਮ ਅਲੀ, ਅਜਮੇਰ ਅਕਲੀਆ, ਲਾਡੀ ਜਟਾਣਾ, ਲਵੀ ਬੁਢਲਾਡਾ ਆਦਿ ਗੀਤ-ਸੰਗੀਤ ਪੇਸ਼ ਕਰਨਗੇ।

ਮੇਲੇ ਸਬੰਧੀ ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨ-ਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 31 ਅਕਤੂਬਰ ਨੂੰ ਸਵੇਰੇ 10 ਵਜੇ ਸ਼ਮ੍ਹਾ ਰੌਸ਼ਨ ਹੋਣ ਨਾਲ ਸ਼ੁਰੂ ਹੋਣ ਵਾਲੇ ਦਿਨ ਭਾਸ਼ਣ, ਕੁਇਜ਼, ਪੇਂਟਿੰਗ ਮੁਕਾਬਲਾ, ਕਵੀ ਦਰਬਾਰ ਅਤੇ ਦਸਤਾਵੇਜ਼ੀ ਫ਼ਿਲਮ ਸ਼ੋਅ ਹੋਏਗੇ। ਜ਼ਿਕਰਯੋਗ ਹੈ ਕਿ ਮੇਲੇ 'ਚ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਹੋਏਗੀ।

# ਸਿੱਖੀ ਦਾ ਬੂਟਾ

ਆਮ ਬੂਟਿਆਂ ਨੂੰ ਆਮ ਪਾਣੀ ਦਿੱਤਾ ਜਾਂਦਾ ਏ
ਪਰ ਸਿੱਖੀ ਦੇ ਬੂਟੇ ਨੂੰ
ਸ੍ਰੀ ਗੁਰੂ ਸਾਹਿਬਾਨ ਨੇ ਆਪਣੇ ਖ਼ੂਨ
ਅਤੇ ਕੁਰਬਾਨੀਆਂ ਦੇ ਪਾਣੀ ਨਾਲ ਸਿੰਜਿਆ।
ਇਹ ਬੂਟਾ ਤਲਵਾਰਾਂ ਦੀ
ਛਾਂ ਥੱਲੇ ਪਲਿਆ ਏ
ਇਸ ਬੂਟੇ ਨੂੰ ਉਖਾੜਨ ਲਈ
ਬੜੀਆਂ ਹਨੇਰੀਆਂ ਤੇ ਝੱਖੜ ਆਏ
ਪਰ ਇਹ ਬੂਟਾ ਅਡੋਲ
ਹਰਿਆ ਭਰਿਆ ਤੇ ਪ੍ਰਫੁੱਲਿਤ ਹੋ ਰਿਹਾ ਏ
ਆਮ ਬੂਟੇ ਤਾਂ ਮਨੁੱਖ ਨੂੰ
ਧੁੱਪ ਤੋਂ ਬਚਾਉਂਦੇ ਨੇ
ਮਨੁੱਖ ਨੂੰ ਛਾਂ ਦਿੰਦੇ ਨੇ
ਬਾਕੀ ਮਨੁੱਖ ਦੀਆਂ ਦੁਨਿਆਵੀ
ਲੋੜਾਂ ਪੂਰੀਆਂ ਕਰਦੇ ਨੇ
ਪਰ ਸਿੱਖੀ ਦਾ ਬੂਟਾ ਆਮ ਬੂਟਿਆਂ ਨਾਲੋਂ ਵੱਖਰਾ ਏ
ਸਿੱਖੀ ਦੇ ਬੂਟੇ ਦਾ ਮਨੁੱਖ ਨੂੰ
ਵਿਸ਼ੇਸ਼ ਸੰਦੇਸ਼ ਤੇ ਉਪਦੇਸ਼ ਏ
ਸਿੱਖੀ ਦਾ ਬੂਟਾ ਮਨੁੱਖ ਨੂੰ
ਮਨੁੱਖ ਬਣਨ ਦਾ ਸੰਦੇਸ਼ ਤੇ ਉਪਦੇਸ਼ ਦਿੰਦਾ ਏ
ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ
ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰਨਾ
ਹਮਦਰਦੀ, ਦਇਆ, ਪਿਆਰ, ਸਤਿਕਾਰ
ਸ਼ਹਿਣਸ਼ੀਲਤਾ ਤੇ ਨਿਮਰਤਾ ਦੀ ਸਿੱਖਿਆ ਦਿੰਦਾ ਏ
ਸਿੱਖੀ ਦਾ ਬੂਟਾ ਹੱਕ, ਸੱਚ ਤੇ ਇਨਸਾਫ
ਦੇ ਮਾਰਗ ਤੇ ਚੱਲਣ ਦੀ ਸਿੱਖਿਆ ਦਿੰਦਾ ਏ
ਸਿੱਖੀ ਦਾ ਬੂਟਾ ਜਬਰ ਜ਼ੁਲਮ ਤੇ ਅੱਨਿਆ ਦੇ ਵਿਰੁੱਧ ਏ
ਸਿੱਖੀ ਦਾ ਬੂਟਾ ਸਰਬੱਤ ਦਾ ਭਲਾ ਮੰਗਦਾ ਏ।



**– ਮਾਸਟਰ ਨਿਰਮਲ ਸਿੰਘ ਲਾਲੀ**


# ਸਹਾਇਤਾ ਸੰਸਥਾ ਨੇ ਫਰੀਮਾਂਟ 'ਚ ਕਰਵਾਈ ਸਹਾਇਤਾ ਨਾਈਟ

**ਫਰੀਮਾਂਟ (ਐੱਸ. ਅਸ਼ੋਕ. ਭੌਰਾ) –** ਪਿਛਲੇ ਕਰੀਬ ਇਕ ਦਹਾਕੇ ਦੇ ਵੱਧ ਸਮੇਂ ਤੋਂ ਕੈਲੀਫੋਰਨੀਆਂ ਅਧਾਰਿਤ 'ਸਹਾਇਤਾ ਸੰਸਥਾ' ਵਲੋਂ ਡਾ. ਹਰਕੇਸ਼ ਸੰਧੂ ਦੀ ਅਗਵਾਈ ਹੇਠ ਪੰਜਾਬੀਆਂ ਦੀਆਂ ਸਮਾਜਿਕ, ਸਿਹਤ, ਸਿੱਖਿਆ ਅਤੇ ਨਿਆਸਰੇ ਅਤੇ ਅਪੰਗ ਬੱਚਿਆਂ ਦੀ ਸੰਭਾਲ ਹਿੱਤ ਕੀਤੇ ਜਾ ਰਹੇ ਕਾਰਜਾਂ ਨੂੰ ਹਰ ਉਹ ਸੁਚੇਤ ਪੰਜਾਬੀ ਜਾਣਦਾ ਹੈ ਜੋ ਦੇਸ਼ਾਂ ਵਿਦੇਸ਼ਾਂ ਵਿਚ ਬੈਠ ਕੇ ਪੰਜਾਬ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਦੇ ਉਹ ਹਰ ਦੁੱਖ ਦਰਦ ਅਤੇ ਪੀੜਾ ਨੂੰ ਮਹਿਸੂਸ ਕਰਦਾ ਹੈ। ਲੰਘੇ ਐਤਵਾਰ ਨੂੰ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ 'ਸਹਾਇਤਾ ਸੰਸਥਾ' ਵਲੋਂ 'ਸਹਾਇਤਾ ਨਾਈਟ' ਕਰਵਾਈ ਗਈ ਜਿਸਦਾ ਮੁੱਖ ਮਕਸਦ ਫੰਡ ਰੇਜ਼ ਕਰਨਾ ਤਾਂ ਸੀ ਹੀ ਨਾਲ ਹੀ ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੀ ਤਬਾਹੀ ਤੋਂ ਬਾਅਦ ਸਮਾਜਿਕ ਤੌਰ 'ਤੇ ਉਥਲ ਪੁਥਲ ਹੋਏ ਲੋੜਵੰਦ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਅਤੇ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਦੇ ਯਤਨਾਂ ਦੀ ਵਿਆਖਿਆ ਕਰਨਾ ਵੀ ਸੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪਵਿੱਤਰ ਖਿਆੜਾ ਨੇ ਪੰਜਾਬ ਵਿਚ ਬਾਲ ਘਰਾਂ ਦੀ ਕਾਰਜਸ਼ੈਲੀ ਅਤੇ ਇਨ੍ਹਾਂ ਬਾਲ ਘਰਾਂ ਦੀ ਸਹਾਇਤਾ ਸੰਸਥਾ ਵਲੋਂ ਨਿਆਸਰੇ, ਅਪੰਗ ਅਤੇ ਲੋੜਵੰਦ ਬੱਚਿਆਂ ਦੀ ਜ਼ਿੰਦਗੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਦੀ ਵਿਸਥਾਰ 'ਚ ਰਿਪੋਰਟ ਪੇਸ਼ ਕੀਤੀ ਗਈ। ਜਗਦੀਪ ਸਹੋਤਾ ਨੇ ਦੱਸਿਆ ਕਿ ਸਹਾਇਤਾ ਸੰਸਥਾ ਕੋਲ ਪੈਸਾ ਕਿੱਥੋਂ ਆਉਂਦਾ ਹੈ ਤੇ ਇਸ ਪੈਸੇ ਦੀ ਵਰਤੋਂ ਸਾਰਥਿਕ ਅਤੇ ਉਚਿਤ ਕਾਰਜਾਂ ਲਈ ਅਮਰੀਕਾ 'ਚ ਵੀ ਅਤੇ ਭਾਰਤ ਵਿਚ ਵੀ ਤੇ ਖਾਸ ਤੌਰ 'ਤੇ ਪੰਜਾਬ ਵਿਚ ਕਿਵੇਂ ਕੀਤੀ ਜਾਂਦੀ ਹੈ। ਉਨ੍ਹਾਂ ਲੇਖੇ ਜੋਖੇ ਦਾ ਵਿਸਥਾਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਸਿਮਰਨ ਸੰਧੂ ਨੇ ਪਿਛਲੇ ਸਾਲ ਕੈਲੀਫੋਰਨੀਆਂ ਦੇ ਪੈਰਾਡਾਈਜ਼ ਸ਼ਹਿਰ ਵਿਚ ਅੱਗ ਨਾਲ ਹੋਈ ਤਬਾਹੀ ਤੋਂ ਬਾਅਦ ਸਥਾਨਕ ਲੋਕਾਂ ਦੀ ਕਿਵੇਂ ਮਦਦ ਕੀਤੀ ਗਈ ਹਾਜ਼ਰ ਸਖਸ਼ੀਅਤਾਂ ਅਤੇ ਮਹਿਮਾਨਾਂ ਨੂੰ ਦੱਸਿਆ। ਹਾਲ ਹੀ ਵਿਚ ਸਰੂਪ ਸਿੰਘ ਝੱਜ ਵਲੋਂ ਸਹਾਇਤਾ ਸੰਸਥਾ ਦੀ ਟੀਮ ਨਾਲ ਪੰਜਾਬ ਦੇ ਰੋਪੜ ਤੇ ਜਲੰਧਰ ਜ਼ਿਲ੍ਹਿਆਂ ਦੇ ਹੜ ਪੀੜਤ ਖੇਤਰਾਂ ਖਾਸ ਤੌਰ 'ਤੇ ਸਰਕਾਰੀ ਸਕੂਲਾਂ 'ਚ ਹੜ੍ਹਾਂ ਨਾਲ ਹੋਈ ਤਬਾਹੀ ਦੌਰਾਨ ਇਮਾਰਤਾਂ ਦਾ ਡਿੱਗਣਾ, ਸਕੂਲਾਂ ਦਾ ਸਾਜ਼ੋ ਸਮਾਨ ਖਰਾਬ ਹੋਣ, ਬਾਰੇ ਵਿਸਥਾਰ ਵਿਚ ਦੱਸਦਿਆਂ ਕਿਹਾ ਕਿ ਇਕ ਕਰੋੜ ਰੁਪਇਆ ਪੰਜਾਬ ਅੰਦਰ ਸਹਾਇਤਾ ਸੰਸਥਾ ਇਹਨਾਂ ਸਕੂਲਾਂ 'ਤੇ ਖਰਚਣ ਦੀ ਤਜਵੀਜ਼ ਬਣਾ ਰਹੀ ਹੈ। ਸੰਗਤ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਸੰਭਵ ਹੋ ਹੀ ਨਹੀਂ ਸਕਦਾ। ਬੋਰਵੈੱਲ ਖਰਾਬ ਹੋ ਚੁੱਕੇ ਹਨ, ਪੀਣ ਵਾਲੇ ਪਾਣੀ ਦਾ ਸਕੂਲਾਂ ਵਿਚ ਪ੍ਰਬੰਧ ਨਹੀਂ ਹੈ, ਘਰਾਂ 'ਤੇ ਸਕੂਲਾਂ 'ਚ ਹੜ੍ਹ ਦਾ ਪਾਣੀ ਆਉਣ ਨਾਲ ਬੱਚਿਆਂ ਦੀਆਂ ਕਿਤਾਬਾਂ ਤੇ ਬਸਤੇ ਸਾਰਾ ਕੁਝ ਖਰਾਬ ਹੋ ਗਿਆ ਹੈ।



# ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

## 1480 HAYNE AVENUE, YUBA CITY, CA 95993







## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਗੁਰੂ ਪਿਆਰੀ ਸਾਧ ਸੰਗਤ ਜੀਓ**

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

### ਪ੍ਰੋਗਰਾਮ ਦਾ ਵੇਰਵਾ

| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ | ਪਾਠ ਦੇ ਭੋਗ |
|---|---|---|
| 11 ਅਕਤੂਬਰ 2019, ਦਿਨ ਸ਼ੁੱਕਰਵਾਰ | 12 ਅਕਤੂਬਰ 2019 ਦਿਨ ਸ਼ਨਿੱਚਰਵਾਰ | 13 ਅਕਤੂਬਰ 2019 ਦਿਨ ਐਤਵਾਰ |
| ਸਵੇਰੇ 10 ਵਜੇ | ਸਵੇਰੇ 11.00 ਵਜੇ | ਸਵੇਰੇ 11.00 ਵਜੇ |

ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ਼ਿੰਗਾਰਾ ਰੱਲ੍ਹ (ਜਨਰਲ ਸਕੱਤਰ) 530-713-1823
ਰਾਮ ਸੇਵਕ ਭਾਟੀਆ (ਹੈੱਡ ਕੈਸ਼ੀਅਰ) 530-701-4370

**ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦਾ ਫੋਨ ਨੰਬਰ 530-674-2564**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 108 ਸੰਤ ਬਾਬਾ ਭਗਵਾਨ ਦਾਸ ਜੀ ਦੀ ਦੇਹ ਅਰੋਗਤਾ ਲਈ ਅਖੰਡ ਪਾਠ ਸਾਹਿਬ ਕਰਵਾਏ








ਤਸਵੀਰਾਂ- ਦੇਸ਼ ਦੁਆਬਾ





**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ 108 ਸੰਤ ਬਾਬਾ ਭਗਵਾਨ ਦਾਸ ਜੀ ਨਗਰ ਵਾਲੇ (108 ਸੰਤ ਮੇਲਾ ਰਾਮ ਜੀ) ਦੀ ਦੇਹ ਅਰੋਗਤਾ ਲਈ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ ਅਕਤੂਬਰ 4, 5, 6 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਗਏ। ਜਿਸ ਵਿਚ 4 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 6 ਅਕਤੂਬਰ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਗੁਰਦਿਆਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਸ੍ਰੀ ਸਤੀਸ਼ ਰੱਲ੍ਹ ਜੀ ਸੈਕਰਾਮੈਂਟੋ, ਸ. ਗੁਰਦੀਪ ਸਿੰਘ ਜੀ ਹੀਰਾ, ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਦੇਸ਼ ਦੁਆਬਾ ਨੇ ਆਪਣੇ ਵਿਚਾਰ ਸੰਗਤਾਂ ਦੇ ਸਨਮੁਖ ਰੱਖੇ।

ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕਾ ਭਾਟੀਆ ਜੀ ਹੈਡ ਕੈਸ਼ੀਅਰ ਗੁਰੂ ਘਰ ਨੇ ਨਿਭਾਈ। ਗੁਰੂ ਕੇ ਲੰਗਰ ਤਿੰਨ ਦਿਨ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਸਮੂਹ ਰੱਲ੍ਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈ




**ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ)**
**ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ**
**ਅਤੇ ਸਮੂਹ ਰੱਲ੍ਹ ਪਰਿਵਾਰ**




## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਸਮੂਹ ਸੌਂਧੀ ਪਰਿਵਾਰ ਵੱਲੋਂ ਲੱਖ-ਲੱਖ ਵਧਾਈ

# Prem Sondhi

President of Maharishi Valmik Sabha USA,
Yuba City California USA
And Sondhi Falimy




# TANDOOR
## Indian Restaurant

27167 Mission Blvd. Hayward, CA 95544

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ




WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM





ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀ
ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ

# SANTOKH SINGH GILL & FAMILY

Senior Vice President 530-740-3056

Maharishi Valmik Sabha, USA (Yuba City) California









Late Sohan Lal Sahota (B. D. O.)


ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ
ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ

# Palwinder Sahota

Senior Vice Chairman

Maharishi Valmik Sabha, USA (Yuba City) California

## and Sahota Family



Palwinder Sahota

# SHRI GURU RAVIDASS SABHA (CA)

**2150 Crestview Drive, Pittsburg CA 94565**
**Tel : (925) 439-2355**

**October 11-12-13, 2019**
**79th Barsi of Hazoor Shri Nabh Kanwal Raja Sahib**

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 79th Barsi. The Akhand Path will start at 10:00 AM on Friday, October 11 and conclude on Sunday, October 13, 2019. Prominent Kirtani Jathas are coming to delight SANGAT with melodious KIRTAN. May Akal Purakh bless HIS devotees.

**October 20, 2019**
**Sukhmani Sahib Path and Langar Sewa by Toora Family**

Sri Sukhmani Sahib Path and Langar Sewa will be hosted by Bhai Bhajan Toora, Kamaljit Toora and family for Sukh Shanti of their family. May Waheguru keep Toora family in Chardi Kala.

**October 27, 2019**
**DIWALI will be celebrated in the Gurughar.**

Sukhmani Sahib path will start at 6:00 PM. Giani Gurnam Singh and Gini Ompal Singh will also do Kirtan sewa. Guru Ka Langar will be hosted by Suman family. Sangat is requested to come for preparations and celebrations. Please bring a candle or diya. May Waheguru fulfill everyone's wishes. HAPPY DIWALI.

**November 9, 2019- Sukhmani Sahib Path and Langar Sewa by Vikramvir Sharma and Jaspreet Sharma**

Sri Sukhmani Sahib Path and Langar Sewa will be hosted by Bhai Vikramvir Sharma, Jaspreet Sharma and family for Sukh Shanti of their family. May Waheguru bless Sharma family.

**November 15-16-17, 2019**

Sri Guru Nanak Dev Ji's "Parkash Utsav" will be celebrated at our Gurughar on November 17, 2019. Akhand path will start on Friday 11/15/2019, at 10:00 AM and will be concluded with Bhog ceremony on Sunday morning 11/17/2019. Path and Langar Sewa will be hosted by Bhai Varinder Kumar Sudhir and family.

**San Francisco Sadh Sangat Samagam 2019**
**November 28 to December 01, 2019**

Samagam start at 4:30 pm on November 28 (Thursday) and ends at 12:00 pm on December 01 (Sunday)
"NANAK NAM CHARDI KALA TERE BHANE SARBAT DA BHALA"

**Sangat De Sewadar**
**Jagtar Bhatia (Chairman), Shinder Paul Narabut (President)**
**Dharam Pal Chonkria (General Secretary), Vinod Kumar (Treasurer)**




ਕਿੰਗਜਸਬਰਗ ਨਿਵਾਸੀ ਆਰ ਜੇ ਟਰੈਵਲ ਪਲਾਜ਼ੇ ਵਾਲੇ ਸ. ਰਣਜੀਤ ਸਿੰਘ ਨਾਗਰਾ ਅਤੇ ਸਰਦਾਰਨੀ ਨਵਦੀਪ ਕੌਰ ਨਾਗਰਾ ਨੂੰ ਉਹਨਾਂ ਦੇ ਬੇਟੇ ਮਨਮੋਹਿਤ ਸਿੰਘ ਨਾਗਰਾ ਦੇ ਵਿਆਹ ਦੀਆਂ ਬਹੁਤ ਬਹੁਤ ਮੁਬਾਰਕਾਂ। ਆਸ਼ਾ ਸ਼ਰਮਾਂ ਜੀ ਅਸ਼ੀਰਵਾਦ ਦੇਣ ਲਈ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਫਰਿਜਨੋ ਏਰੀਏ ਦੀਆਂ ਸਿਰ ਕੱਢ ਸ਼ਖ਼ਸੀਅਤਾਂ ਹਾਜ਼ਰ ਸਨ ।

ਪੱਤਰਕਾਰ ਨੀਟਾ ਮਾਛੀਕੇ/ ਕੁਲਵੰਤ ਉਭੀ ਧਾਲੀਆ





# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 20, 2019,

## Time: 9:00AM to 5:00PM

## Dan Foley Cultural Center, 1499 N. Camino Alto, Vallejo, CA-94590

## Phone: (707) 648-4630

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Kewal Sidhu (707) 704-3869, Sodhi Nahar (707) 704-5216
Shiv Sidhu (707) 656-1205, Dr. Gurjit Singh (925) 321-0117
Gurpal Singh (916) 873-0311, Bhupinder Bhinda (916) 613-3311
Balbir Thapar (916) 607-4650, Kulwinder Gill (510) 458-6146,
Baljivan Dass (408) 394-6729, Rajinder Hans (925) 214-6454

**ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)**

# ਅਸ਼ੋਕ ਵਿਜੈ ਦਸਮੀ ਅਤੇ ਬੁੱਧ ਧੰਮ ਦੀਖਸਾ ਦਿਵਸ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਇਆ











**ਲੁਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਅਸ਼ੋਕ ਵਿਜੈ ਦਸਮੀ ਅਤੇ ਬੁੱਧ ਧੰਮ ਦੀਖਸਾ ਦਿਵਸ ਬਹੁਤ ਧੂੰਮ-ਧਾਮ ਅਤੇ ਸ਼ਰਧਾ ਨਾਲ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਮਨਾਈ ਗਈ। ਭਿਖਸ਼ੂ ਪ੍ਰਗਿਆਬੋਧੀ ਅਤੇ ਭਿਖਸ਼ੂ ਦਰਸ਼ਨਦੀਪ ਜੀ ਨੇ ਪ੍ਰਵਚਨ ਕਰਦਿਆਂ ਦੱਸਿਆ ਕਿ ਇਸ ਦਿਨ ਬਾਬਾ ਸਾਹਿਬ ਡਾ. ਅੰਬੇਡਕਰ ਨੇ 1956 ਵਿਚ ਨਾਗਪੁਰ ਵਿਖੇ 'ਬੁੱਧ ਧੰਮ' ਦੀ ਦੀਖਸ਼ਾ ਲਈ ਸੀ ਅਤੇ 10 ਲੱਖ ਤੋਂ ਵੱਧ ਅਨੁਯਾਹੀਆਂ ਨੂੰ ਬੁੱਧ ਧੰਮ ਨਾਲ ਜੋੜਿਆ ਸੀ।

ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਮਰਾਟ ਅਸ਼ੋਕ ਨੇ ਲੱਖਾਂ ਅਨੁਯਾਈਆਂ ਸਮੇਤ ਬੁੱਧ ਧੰਮ ਗ੍ਰਹਿਣ ਕਰਕੇ ਸਾਨੂੰ ਬੁੱਧ ਦੀਆਂ ਸਿੱਖਿਆਵਾਂ ਉਪਰ ਚੱਲਣ ਦੀ ਪ੍ਰੇਰਨਾ ਦਿੱਤੀ ਹੈ।

ਇੰਗਲੈਂਡ ਤੋਂ ਸ੍ਰੀ ਹਰਬੰਸ ਲਾਲ ਵਿਰਦੀ, ਧੱਨਪਤ ਰੱਤੂ, ਅਰੁਣ ਕੁਮਾਰ ਜਨਰਲ ਸਕੱਤਰ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ, ਅਮਰੀਕਾ ਤੋਂ ਸ੍ਰੀ ਹਰਦੇਵ ਸਹਾਏ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਇਹਨਾਂ ਤੋਂ ਇਲਾਵਾ ਸ੍ਰੀ ਦਲਬੀਰ ਸਰੋਆ ਜਨਰਲ ਸਕੱਤਰ, ਸ੍ਰੀ ਸ਼ਾਮ ਲਾਲ ਖਜਾਨਚੀ, ਸ੍ਰੀ ਗੁਰਨਾਮ ਚੰਦ ਮੱਲ ਉਪ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਹਿਟੀ (ਰਜਿ.), ਗੁਰਮੀਤ ਸਿੰਘ, ਰਾਮਦਾਸ ਗੁਰੂ, ਮਨੋਜਰ ਕੁਮਾਰ (ਐਸ. ਡੀ. ਓ.), ਦੇਸ ਰਾਜ ਚੌਹਾਨ, ਸੰਜੇ ਕੁਮਾਰ ਰਾਓ, ਵਿਨੋਦ ਗੌਤਮ, ਬੰਸੀ ਲਾਲ ਪ੍ਰੇਮੀ, ਨੈਨ-ਦੀਪ, ਐਡਵੋਕੇਟ ਕੁਲਵੰਤ ਗੁਰੂ ਅਤੇ ਹੋਰ ਸੈਂਕੜੇ ਸ਼ਰਧਾਲੂਆਂ ਨੇ ਹਿੱਸਾ ਲਿਆ।

ਭਿਖਸ਼ੂ ਸੰਘ ਵਿਚ ਭੰਤੇ ਜਗਤਾ ਨੰਦ, ਬੁੱਧਰਤਨ, ਚੰਦਰਾਨੰਦ, ਚੰਦਰਕੀਰਤੀ ਅਤੇ ਭਿਖਸ਼ਣੀ ਸੰਘ ਵਿਚ ਯਸ਼ੋ-ਧਰਾ, ਪੰਚਾਸ਼ੀਲ ਪੂਨਿਕਾ ਅਤੇ ਪ੍ਰਜਾਪਤੀ ਨੇ ਵੀ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ।

ਇਸ ਮੌਕੇ ਡਾ. ਚਰਨਜੀਤ ਸਿੰਘ ਦੀ ਅਗਵਾਈ ਵਿਚ ਮੈਡੀਕਲ ਕੈਂਪ ਵੀ ਲਗਾਇਆ ਗਿਆ, ਜਿਸ ਦਾ ਸਾਰਾ ਖਰਚਾ ਵਿੱਦਿਆ ਮਿੱਢਾ ਇੰਗਲੈਂਡ ਨਿਵਾਸੀ ਨੇ ਕੀਤਾ। ਪ੍ਰੋਗਰਾਮ ਦੇ ਅਖੀਰ ਵਿਚ ਭਿਖਸ਼ੂ ਦਰਸ਼ਨਦੀਪ ਨੇ ਸੈਂਕੜੇ ਲੋਕਾਂ ਨੂੰ ਬੁੱਧ ਧੰਮ ਦੀਕਸ਼ਾ ਦੇ ਕੇ ਬੁੱਧ ਧੰਮ ਨਾਲ ਜੋੜਿਆ। ਅੰਤ ਵਿਚ ਭੋਜਨਦਾਨ ਕੀਤਾ ਗਿਆ।

**– ਐਡਵੋਕੇਟ ਹਰਭਜਨ ਸਾਂਪਲਾ**






### ਬਾਬੂ ਕਾਂਸ਼ੀ ਰਾਮ ਦੀ ਬਰਸੀ 'ਤੇ ਵਿਸ਼ੇਸ਼

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ



ਕੁਲਦੀਪ ਚੰਦ
91-9417563054

ਭਾਰਤ ਵਿੱਚ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ। ਇਸ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਇਨ੍ਹਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਰ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭ ਤੋਂ ਵੱਡੇ ਸਨ। ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਆਪ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਆਪ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ ਅਤੇ ਆਪ ਨੇ ਕਰੋੜਾਂ ਅਛੂਤਾਂ ਵਾਂਗ ਇਸ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਆਪ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਇਸ ਦੌਰਾਨ ਆਪਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿਤਾ ਅਤੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿੱਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿੱਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਸਿਖਲਾਈ ਛੱਡਕੇ ਵਾਪਸ ਆ ਗਏ। ਇਸਤੋਂ 1958 ਵਿੱਚ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਵਿੱਚ ਬਤੌਰ ਸਹਾਇਕ ਵਿਗਆਿਨੀ ਦੀ ਨੌਕਰੀ ਸ਼ੁਰੂ ਕੀਤੀ। ਆਪਨੇ 1965 ਵਿੱਚ ਅਪਣੇ ਅਦਾਰੇ ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨਾ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। 1971 ਵਿੱਚ ਆਪ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖ-ਾਇਆ। ਇਸਤੋਂ ਬਾਦ ਆਪਨੇ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਆਪ ਨੇ ਮੌਜੂਦਾ ਦਲਿਤ ਲੀਡਰਸ਼ਿਪ ਨੂੰ ਨਕ-ਾਰਦਿਆਂ ਕਿਹਾ ਕਿ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਕਮਿਊਨਲ ਐਵਾਰਡ ਦੁਆਰਾ ਦਲਿਤਾਂ ਨੂੰ ਮਿਲੇ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਸਮਾਜਿਕ-ਰਾਜਨੀਤਿਕ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ। 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ ਅਤੇ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਐਲਾਨ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਆਪ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ ਆਪ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਆਪ ਦੀ ਹਾਲਤ ਹੋਰ ਖਰਾਬ ਹੋ ਗਈ ਅਤੇ 2004 ਤੋਂ ਬਾਦ ਆਪ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਅੱਜ ਦੇ ਦਿਨ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ।



ਇਸਦਾ ਨੀਂਹ ਪੱਥਰ ਉਤੱਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਸਾਬਕਾ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਆਪ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਉਨ੍ਹਾਂ ਵਲੋਂ ਕੀਤੇ ਗਏ ਸਮਾਜਿਕ ਰਾਜਨੀਤਿਕ ਕੰਮਾਂ ਅਤੇ ਅੰਦੋਲਨਾਂ ਤੋਂ ਸੇਧ ਲੈਂਦੇ ਹਨ। ਦੇਸ਼ ਵਿੱਚ ਦਲਿਤ ਰਾਜਨੀਤੀ ਦਾ ਧੁਰਾ ਰਹੇ ਸਵਰਗੀ ਬਾਬੂ ਕਾਂਸ਼ੀ ਰਾਮ ਦਾ ਨਾਮ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਰਹੇਗਾ।



ਵਿਚਾਰ ਚਰਚਾ

# ਪੂਨਾ ਪੈਕਟ ਅਤੇ ਉਸ ਦੇ ਜ਼ਖ਼ਮ



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਵਿੱਚ ਬਹੁਤ ਸਾਰੇ ਵਿਦੇਸ਼ੀ ਆਕੇ ਵਸਦੇ ਰਹੇ। ਮੂਲਨਿਵਾਸੀਆਂ ਦੇ ਕਮਜ਼ੋਰ ਹੋਣ ਕਾਰਨ ਉਹ ਸਤ੍ਹਾ ਉਤੇ ਕਾਬਜ ਰਹੇ। ਭਾਰਤੀ ਇਤਿਹਾਸ ਦੀਆਂ ਲਿਖਤਾਂ ਭਾਰਤ ਵਿੱਚ ਆਰੀਆਂ ਲੋਕਾਂ ਦੇ ਆਉਣ ਤੋਂ ਬਾਅਦ ਦੇ ਸਮੇ ਦੀਆਂ ਹੀ ਮਿਲਦੀਆਂ ਹਨ। ਆਰੀਆਂ ਲੋਕਾਂ ਨੇ ਭਾਰਤ ਉਤਾ ਲੰਮਾ ਸਮਾਂ ਰਾਜ ਕੀਤਾ। ਇਸ ਤੋਂ ਕਾਫੀ ਸਮੇ ਬਾਅਦ ਮੁਗਲ ਆਏ ਇਹਨਾ ਵੀ ਭਾਰਤ ਉਤੇ ਕਈ ਸਦੀਆਂ ਰਾਜ ਕੀਤਾ। ਭਾਰਤੀ ਲੋਕਾਂ ਨੇ ਆਪਣਾ ਰਾਜ ਗੁਆ ਲਿਆ ਸੀ, ਉਹ ਗੁਲਾਮ ਸਨ। ਮੌਰੀਆ ਅਤੇ ਹੋਰ ਛੋਟੇ ਛੋਟੇ ਰਾਜਾਂ ਨੂੰ ਛੱਡ ਕੇ ਭਾਰਤੀ ਮੂਲ ਦੇ ਲੋਕਾਂ ਦਾ ਰਾਜ ਦਾ ਜਿਕਰ ਨਹੀ ਮਿਲਦਾ। ਬਹੁਤਾ ਕਰਕੇ ਭਾਰਤੀ ਮੂਲ ਗੁਲਾਮ ਹੀ ਰਿਹਾ। ਇਤਿਹਾਸ ਦਸਦਾ ਹੈ ਕਿ ਇਹਨਾ ਬਾਹਰੀ ਲੋਕਾਂ ਨੇ ਸਤ੍ਹਾ ਦੇ ਲਾਲਚ ਵਿਚ ਆਪਣੇ ਹੀ ਆਰੀਆ, ਮੁਗਲਾਂ ਜਾ ਹੋਰ ਲੋਕਾਂ ਨਾਲ ਬਹੁਤ ਵਾਰ ਗਦਾਰੀਆਂ ਕੀਤੀਆਂ। ਇਹ ਆਪੋ ਵਿੱਚ ਸਤ੍ਹਾ ਦੀ ਲੜਾਈ ਲਈ ਆਪਣਿਆ ਨਾਲ ਹੀ ਕਿਸ ਹੱਦ ਤਕ ਨੀਵੇਂ ਪੱਧਰ ਉਤੇ ਜਾਂਦੇ ਰਹੇ, ਇਹ ਇਹਨਾ ਦੇ ਚ੍ਰਿਤਰ ਦਾ ਪੜਦਾ ਚੁੱਕਣ ਲਈ ਕਾਫੀ ਹੈ। ਆਪਣਿਆ ਨਾਲ ਗਦਾਰੀ ਕਰਨ ਵਾਲਿਆਂ ਤੋਂ ਭਾਰਤੀ ਮੂਲ ਦੇ ਲੋਕੀ ਇਨਸਾਫ ਦੀ ਕੀ ਉਮੀਦ ਕਰ ਸਕਦੇ ਸਨ, ਉਹ ਗੁਲਾਮ ਦੇ ਗੁਲਾਮ ਹੀ ਰਹੇ, ਬੇਦਖਲ ਰਹੇ, ਲਾਹਣਤ ਭਰੀ ਜਿੰਦਗੀ ਜੀਣ ਲਈ ਮਜ਼ਬੂਰ ਰਹੇ। ਉਹਨਾ ਦੇ ਇਹਨਾਂ ਹਾਲਤਾਂ ਨੂੰ ਮੋਟੇ ਤੌਰ ਤੇ ਕਹਿ ਸਕਦੇ ਹਾਂ, ਕਿ ਜਦੋਂ ਤੋਂ ਭਾਰਤ ਦੇ ਇਤਿਹਾਸ ਮਿਲਦਾ ਹੈ ਉਸ ਤੋਂ ਬਹੁਤ ਪਹਿਲਾਂ ਤੋਂ ਰਹੇ ਹੋਣਗੇ।

ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਸਭਾ ਦੇ ਅੰਤਿਮ ਭਾਸ਼ਨ ਵਿਚ ਭਾਰਤ ਦੀ ਅਜ਼ਾਦੀ ਅਤੇ ਸੰਵਿਧਾਨ ਨੂੰ ਬਣਾਏ ਰਖਣ ਲਈ ਚਿੰਤਾ ਜਾਹਰ ਕੀਤੀ। ਇਸ ਦੇ ਪਿੱਛੇ ਦੇ ਕਾਰਨਾ ਦਾ ਜਿਕਰ ਕਰਦੇ 25 ਨਵੰਬਰ 1949 ਨੂੰ ਚਿਤਾਵਨੀ ਦਿੰਦੇ ਜਿਕਰ ਕਰਦੇ ਕਿਹਾ, "ਇਹ ਗੱਲ ਮੈਨੂੰ ਪਰੇਸ਼ਾਨ ਕਰਦੀ ਹੈ ਕਿ ਇਹ ਸੱਚ ਹੈ ਕਿ ਨਾ ਸਿਰਫ ਭਾਰਤ ਇਕ ਵਾਰ ਆਪਣੀ ਆਜ਼ਾਦੀ ਗੁਆ ਚੁੱਕਾ ਹੈ, ਬਲਕਿ ਉਸਨੇ ਆਪਣੇ ਕੁਝ ਲੋਕਾਂ ਦੀ ਬੇਵਫ਼ਾਈ ਅਤੇ ਧੋਖੇ ਨਾਲ ਇਸ ਨੂੰ ਗੁਆ ਦਿੱਤਾ ਹੈ। ਮਹੋਮਦ-ਬਿਨ-ਕਾਸਿਮ ਦੁਆਰਾ ਸਿੰਧ ਉੱਤੇ ਹਮਲੇ ਸਮੇਂ, ਰਾਜਾ ਦਾਹਰ ਦੇ ਫੌਜੀ ਕਮਾਂਡਰਾਂ ਨੇ ਮਹੋਮਦ-ਬਿਨ-ਕਾਸਿਮ ਦੇ ਏਜੰਟਾਂ ਤੋਂ ਰਿਸ਼ਵਤ ਲੈਂਦੇ ਹੋਏ ਆਪਣੇ ਹੀ ਰਾਜਾ ਦੇ ਪੱਖ ਵਲੋਂ ਲੜਨ ਤੋਂ ਇਨਕਾਰ ਕਰ ਦਿੱਤਾ। ਇਹ ਜੈਚੰਦ ਹੀ ਸੀ ਜਿਸ ਨੇ ਮਹਿਮਦ ਗੋਰੀ ਨੂੰ ਭਾਰਤ ਉੱਤੇ ਹਮਲਾ ਕਰਨ ਅਤੇ ਪ੍ਰਿਥਵੀ ਰਾਜ ਦੇ ਵਿਰੁੱਧ ਲੜਨ ਦਾ ਸੱਦਾ ਦਿੱਤਾ ਸੀ ਅਤੇ ਉਸਨੂੰ ਆਪਣੀ ਅਤੇ ਸੋਲੰਕੀ ਰਾਜਿਆਂ ਦੀ ਸਹਾਇਤਾ ਦਾ ਵਾਅਦਾ ਕੀਤਾ ਸੀ। ਜਦੋਂ ਸ਼ਿਵਾਜੀ ਹਿੰਦੂਆਂ ਦੀ ਅਜ਼ਾਦੀ ਦੀ ਲੜਾਈ ਲੜ ਰਹੇ ਸਨ ਤਾਂ ਦੂਸਰੇ ਮਰਾਠਾ ਨੋਬਲਮੈਨ ਅਤੇ ਰਾਜਪੂਤ ਰਾਜੇ ਮੁਗ਼ਲ ਬਾਦਸ਼ਾਹਾਂ ਲਈ ਲੜਾਈ ਲੜ ਰਹੇ ਸਨ। 1857 ਵਿਚ, ਜਦੋਂ ਭਾਰਤ ਦੇ ਇਕ ਵੱਡੇ ਹਿੱਸੇ ਨੇ ਬ੍ਰਿਟਿਸ਼ ਵਿਰੁੱਧ ਆਜ਼ਾਦੀ ਦੀ ਲੜਾਈ ਦਾ ਐਲਾਨ ਕਰ ਦਿੱਤਾ ਸੀ,ਜਦੋਂ ਬ੍ਰਿਟਿਸ਼ ਸਿੱਖ ਸ਼ਾਸਕਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਨ੍ਹਾਂ ਦਾ ਮੁੱਖ ਕਮਾਂਡਰ ਗੁਲਾਬ ਸਿੰਘ ਚੁੱਪ ਹੋ ਗਿਆ ਅਤੇ ਸਿੱਖ ਰਾਜ ਨੂੰ ਬਚਾਉਣ ਵਿਚ ਸਹਾਇਤਾ ਨਹੀਂ ਕੀਤੀ।ਸਿੱਖ ਖੜ੍ਹੇ ਹੀ ਰਹੇ ਅਤੇ ਇਸ ਘਟਨਾ ਨੂੰ ਮੂਕ ਦਰਸ਼ਕ ਵਜੋਂ ਵੇਖਦੇ ਰਹੇ।"

ਭਾਰਤ ਦਾ ਵਪਾਰ ਸਮੁੰਦਰ ਰਾਹੀ ਹੋਣ ਦਾ ਬੜਾ ਹੀ ਪੁਰਾਣਾ ਇਤਿਹਾਸ ਹੈ। ਸੋਲਵੀਂ ਸਦੀ ਵਿਚ ਭਾਰਤ ਵਿਚ ਵਪਾਰ ਕਰਨ ਵਾਲੇ ਫਰਾਂਸੀਸੀ, ਡੱਚ, ਅੰਗਰੇਜ਼ ਅਤੇ ਹੋਰਾਂ ਨੇ ਤੇਜੀ ਵਧੀ। ਇਹਨਾ ਦੀਆ ਭਾਰਤ ਵਿਚ ਏਕਅਧਿਕਾਰ ਜਮਾਉਣ ਲਈ ਆਪਸ ਵਿਚ ਕਈ ਲੜਾਈਆਂ ਹੋਈਆਂ। ਆਖਰ ਅੰਗਰੇਜ਼ਾਂ ਦੀ ਈਸ਼ਟ ਇੰਡੀਆਂ ਕੰਪਨੀ ਭਾਰਤ ਵਿਚ ਪੈਰ ਜਮਾਉਣ ਵਿੱਚ ਕਾਮਯਾਬ ਰਹੀ, ਅਤੇ ਵਪਾਰ ਕਰਨਲਗੀ। 1757 ਵਿਚ ਬੰਗਾਲ ਵਿੱਚ, ਪਲਾਸੀ ਦਾ ਯੁੱਧ ਜਿੱਤਕੇ ਉਹਨਾ ਭਾਰਤ ਉਤੇ ਰਾਜ ਕਰਨ ਦੀ ਸੁਰੂਆਤ ਕੀਤੀ। ਇਸੇ ਹੀ ਸਮਾਂ ਤੋਂ ਹਜਾਰਾਂ ਸਾਲਾ ਦੇ ਗੁਲਾਮ ਭਾਰਤੀ ਮੂਲ ਲੋਕਾਂ ਦੀ ਗੁਲਾਮੀ ਦਾ ਸਿਕੰਜਾ ਢਿੱਲਾ ਹੋਣ ਸੁਰੂ ਹੋਇਆ।ਜਿੰਦਗੀ ਦੇ ਹਰ ਪਹਿਲੂ ਤੋਂ ਬੇਦਖਲ ਕੀਤੇ ਸਮਾਜ ਨੂੰ ਇਨਸਾਨਾਂ ਵਾਲੇ ਹੱਕ ਮਿਲਣੇ ਸੁਰੂ ਹੋਏ। ਭਾਰਤ ਵਿਚ ਬਾਹਰੀ ਕੌਮਾਂ ਬਹੁਤ ਆਈਆਂ। ਉਹਨਾਂ ਦਾ ਇਨਸਾਨੀਆਤ ਪ੍ਰਤੀ ਸਮਝ, ਸੋਚ ਤੇ ਵਰਤਾਉ ਅਮਾਨਵੀਆ ਹੋਣ ਕਾਰਨ ਭਾਰਤੀ ਮੂਲ ਸਮਾਜ ਦਾ ਹਾਲ ਸਭਨਾਂ ਦੇ ਰਾਜ ਵਿਚ ਗੁਲਾਮਾਂ ਵਾਲਾ ਹੀ ਰਿਹਾ। ਹਜਾਰਾਂ ਸਾਲਾਂ ਤੋਂ ਉਹ ਗੁਲਾਮ ਦੇ ਗੁਲਾਮ ਹੀ ਰਹੇ। ਇਹਨਾਂ ਵਿਚੋਂ ਮਾਨਵੀਆ ਕਦਰਾਂ ਕੀਮਤਾਂ ਨੂੰ ਬਰਾਬਰ ਮੰਨ ਲਾਗੂ ਕਰਨ ਵਾਲੀ ਕੌਮ ਅੰਗਰੇਜ ਕੌਮ ਹੀ ਕਹਾ ਸਕਦੀ ਹੈ।ਬਹੁਤ ਸਾਰੇ ਕਾਰਨ ਹੋ ਸਕਦੇ ਹਨ ਜਿਹਨਾ ਕਾਰਨ ਅੰਗਰੇਜ਼ਾਂ ਨੇ ਅੱਧੀ ਦੁਨੀਆਂ ਉੱਤੇ ਰਾਜ ਕੀਤਾ, ਪਰ ਇੱਕ ਕਾਰਨ ਇਹ ਵੀ ਹੈ ਕਿ ਉਹ ਮਾਨਵ ਸਨਮਾਨ ਅਤੇ ਬਰਾਬਰੀ ਦੀ ਕਦਰ ਹੀ ਨਹੀ ਉਹਨਾ ਨੂੰ ਬਰਾਬਰ ਦੇ ਹੱਕ ਵੀ ਪ੍ਰਦਾਨ ਕਰਦੇ ਸਨ। ਭਾਰਤੀ ਸੰਵਿਧਾਨ ਬਨਾਣ ਦੀ ਪ੍ਰਕਿਰਿਆ ਬੰਗਾਲ, ਕਲਕੱਤਾ ਵਿਚ ਅੰਗਰੇਜ਼ ਸਰਕਾਰ ਨੇ ਸੁਰੂ ਕੀਤੀ ਸੀ, 1773 ਵਿਚ ਕਲਕੱਤਾ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ। ਐਕਟ ਬਨਾਉਣੇ ਸੁਰੂ ਕੀਤੇ। ਉਹਨਾ ਐਕਟਾਂ ਦਾ ਪਾਲਣ ਕਰਨਾ ਅੰਗਰੇਜ਼ਾਂ ਸਮੇਤ ਸਾਰਿਆਂ ਲਈ ਜਰੂਰੀ ਸੀ।

ਪੁਰਾਤਨ ਭਾਰਤ ਵਿਚ ਨਿਆਇ ਵੀ ਜਾਤੀ ਅਧਾਰਤ ਰਿਹਾ ਹੈ। ਜਿੰਨੀ ਉੱਚੀ ਜਾਤੀ ਉਤਨੇ ਹੀ ਸਵਿਧਾਵਾਂ ਅਤੇ ਗੁਨਾਹਾਂ ਦੀ ਖੁੱਲ ਅਤੇ ਸਜ਼ਾਵਾਂ ਵੀ ਕਮਯੋਰ, ਜਿੰਨੀ ਛੋਟੀ ਜਾਤੀ ਸਵਿਧਾਵਾਂ ਨਾਮਾਤਰ, ਕਰੜੇ ਦੰਡ। ਉਦਾਹਨ ਲਈ, ਰਮਾਇਣ ਅਨੁਸਾਰ ਇੱਕ ਬ੍ਰਾਹਮਣ ਦੇ ਪੁੱਤਰ ਦੀ ਬਿਮਾਰੀ ਕਾਰਨ ਮੌਤ ਹੋਈ। ਜੰਗਲ ਵਿਚ ਬਹੁਤ ਦੂਰ ਦੁਨੀਆਂਦਾਰੀ ਛੱਡ ਗਰੀਬਾਂ ਨਿਤਾਣਿਆਂ ਨੂੰ ਸਿੱਖਿਆ ਦੇਣ ਦੇ ਕੰਮ ਵਿਚ ਲਗੇ "ਸੰਭੂਕ ਰਿਸ਼ੀ"ਨੂੰ ਇਸ ਮੌਤ ਦਾ ਠਹਿਰਾਕੇ ਉਸਦਾ ਰਾਮ ਨੇ ਸਿਰ ਕਲਮ ਕਰ ਦਿਤਾ। ਇਹ ਕਹਾਣੀ ਸਾਰਾ ਹੀ ਕੁੱਝ ਕਹਿ ਜਾਂਦੀ ਹੈ। ਅੱਜ ਵੀ ਆਰਥਿਕ, ਸਮਾਜਿਕ ਕਮਜੋਰੀ ਦਾ ਹਥਿਆਰ ਬਣਾ ਕੰਮਜੋਰ ਦੀ ਇਨਸਾਫ ਤਕ ਪਹੁੰਚ ਨਾਂ ਹੋ ਸਕਣ ਦੀ ਵਿਵਸਥਾ ਬਣਾ ਦੇਣਾ ਵੀ ਉਸੇ ਹੀ ਮਾਨਸਿਕਤਾ ਵਿਚੋਂ ਪੁੰਗਰਿਆ ਬੂਟਾ ਹੈ। ਸਮਾਜ ਨੂੰ ਵੰਡਣਾਂ ਅਤੇ ਕਮਜੋਰ ਕਰਨਾ, ਇਨਸਾਫ ਦਾ ਮਹਿੰਗਾ ਹੋਣਾ, ਰੁਜ਼ਗਾਰ ਨਾਂ ਦੇ ਕੇ ਮੁੱਫਤ ਵਿਚ ਰਾਸ਼ਣ ਵੰਡਣਾ, ਸਿੱਖਿਆ, ਇਨਸਾਫ, ਸਿਹਤ ਸੇਵਾਵਾਂ ਦਾ ਆਮ ਆਦਮੀ ਦੀ ਪਹੁੰਚ ਤੋ ਬਾਹਰ ਹੋਣਾਂ ਸਾਮਜ ਨੂੰ ਪੁਰਾਤਨ ਭਾਰਤ ਦੇ ਵੰਡਵਾਦੀ ਸਮਾਜ ਵੱਲ ਲਿਜਾਣ ਦਾ ਮਾਨਸਿਕਤਾ ਵਿਚੋਂ ਉਪਜਿਆ ਇੱਕ ਵਿਧੀਵਤ ਤਰੀਕਾਕਹਿ ਸਕਦੇ ਹਾਂ। ਇਸ ਦੇ ਉਲਟ ਧਨ, ਸੰਸਾਧਨ, ਰਾਜਨੀਤਿਕ ਸ਼ਕਤੀ ਅਤੇ ਨਿ-ਆਇਆਲਿਆਂ ਦਾ ਚੰਦ ਘਰਾਣਿਆਂ ਦੇ ਹੱਥਾ ਤਕ ਸੀਮਤ ਹੋ ਕੇ ਰਹਿ ਜਾਣਾ, ਕਾਰਪੋਰੇਟ ਦੇ ਕਰਜ਼ਿਆਂ ਵਿੱਚ ਮੁਆਫੀ, ਅਨੇਕ ਸਵਿਧਾਵਾ ਕੋਈ ਅਣਜਾਣੇ ਵਿਚ ਨਹੀ ਹੋਇਆ,ਕੀਤਾ ਗਿਆ ਹੈ।

ਅੰਗਰੇਜ਼ਾਂ ਨੇ ਸਰਵ ਸਮਾਜ ਲਈ ਕਾਨੂੰਨ ਬਨਾਉਣ ਦਾ ਕੰਮ ਸੁਰੂ ਕੀਤਾ। ਉਹਨਾਂ ਦੇ ਕਾਨੂੰਨ ਬਨਾਉਣ ਦਾ ਮਤਲਵ ਇਹ ਨਹੀਂ ਸੀ ਕਿ ਉਹ ਆਪ ਇਸ ਤੋਂ ਉਪਰ ਹੋ ਸਕਦੇ ਸਨ,



ਉਹ ਖੁਦ ਵੀ ਇਸ ਉਤੇ ਅਮਲ ਕਰਦੇ ਸਨ। ਇਸ ਦੇ ਮਤਲਵ ਉਹ ਸਭ ਨੂੰ ਬਰਾਬਰ ਦਾ ਇਨਸਾਨ ਮੰਨਦੇ ਸਨ, ਸਭ ਨੂੰ ਬਰਾਬਰ ਮੰਨਣ ਦਾ ਮਤਲਵ ਸਾਰੇ ਇਕ ਕੌਮ ਦਾ ਹਿੱਸਾ ਹੋਣਾਜੋ ਸਭਿਅਤਾ ਇਕ ਕੌਮ ਹੋਣ ਦਾ ਪ੍ਰਦਸ਼ਨ ਹੀ ਨਹੀ ਕਰਦੀ, ਉਹ ਦੂਜਿਆਂ ਨੂੰ ਆਪਣੇ ਵਿਚ ਮਿਲਾ ਬਰਾਬਰ ਦਾ ਸਲੂਕ ਕਰਦੀ ਹੋਵੇ ਉਸ ਕੌਮ ਦਾ ਮੁਕਾਬਲਾ ਜਾਤੀਆਂ, ਧਰਮਾ ਅਤੇ ਹੋਰ ਕਈ ਤਰਾਂ ਨਾਲ ਵੰਡੇ ਸਮਾਜ ਕਰਨ ਲਾਇਕ ਨਹੀ। ਅੰਗਰੇਜ਼ ਨੇ ਭਾਰਤ ਦਾ ਧਨ ਲੁੱਟਿਆ, ਬਾਹਰ ਲੈ ਕੇ ਗਏ ਨਾਲ ਹੀ ਬਹੁਤ ਸਾਰਾ ਭਾਰਤ ਵਿਚ ਰੇਲਵੇ, ਡਾਕਤਾਰ, ਨਹਿਰਾਂ, ਸੜਕਾਂ, ਇਮਾਰਤਾਂ ਅਤੇ ਹੋਰ ਬਹੁਤ ਕੁੱਝ ਬਣਾਕੇ ਖਰਚ ਕੀਤਾ। ਭਾਰਤ ਦਾ ਅਜ਼ਾਦੀ ਦਾ ਮਤਲਵ, ਅੰਗਰੇਜ਼ਾਂ ਦੁਆਰਾ ਸਤ੍ਹਾ ਦੀ ਚਾਬੀ ਭਾਰਤ ਦੀ ਸਮੇ ਦੇ ਤਾਕਤਵਰਾਂ ਨੂੰ ਸੰਭਾਲ ਦੇਣਾ, ਇਹੋ ਹੋਇਆ, ਭਾਵੇਂ ਭਾਰਤੀਆਂ ਬੰਦਰ ਵੰਡ ਕਾਰਨ ਭਾਰਤ ਦੇ ਟੁਕੜੇ ਕਰ ਲਏ। ਜੋ ਕੰਮ ਅੰਗਰੇਜ਼ ਲੋਕ ਕਰਦੇ ਸਨ ਉਸੇ ਕੰਮ ਨੂੰ ਬੜੇ ਹੀ ਕਮੀਣੇ ਢੰਗ ਨਾਲ ਭਾਰਤੀਆਂ ਨੇ ਕਰਨਾਂ ਸੁਰੂ ਕਰ ਦਿਤਾ। ਭਾਰਤ ਦੇ ਧਨ ਭਾਰਤ ਵਿਚ ਲਾਇਆ, ਇਹ ਕੋਈ ਅਜਿਹਾ ਕੰਮ ਨਹੀਂ ਜੋ ਅੰਗਰੇਜ਼ਾਂ ਨੇ ਨਹੀਂ ਕੀਤਾ। ਪਰ ਭਾਰਤ ਦੇ ਧਨ ਦੀ ਲੁੱਟ ਜੋ ਭਾਰਤੀਆਂ ਨੇ ਵਿਦੇਸ਼ਾਂ ਵਿਚ ਜਮਾਂ ਕੀਤਾ, ਵਿਦੇਸ਼ਾਂ ਵਿਚ ਵੱਡੀਆਂ ਜਾਇਦਾਦਾਂ ਖਰੀਦੀਆਂ, ਹੋਰ ਦਿਖ ਅਤੇ ਅਦਿਖ ਢੰਗ ਲੁੱਟਕੇ ਬਾਹਰ ਜਮਾਂ ਕੀਤੀ ਉਹ ਅੰਗਰੇਜ਼ਾਂ ਦੇ 200 ਸਾਲ ਦੇ ਰਾਜ ਨਾਲੋ ਭਾਰਤੀਆਂ ਦੇ 70 ਸਾਲ ਦੇ ਵਿਚ ਕਈ ਗੁਣਾਂ ਵੱਧ ਹੀ ਹੋ ਸਕਦਾ ਹੈ।

ਇਸ ਦੇ ਨਾਲ ਹੀ ਜੋ ਕੰਮ ਅੰਗਰੇਜ਼ਾਂ ਨੇ ਭਾਰਤ ਵਿਚ ਹਜਾਰਾਂ ਸਾਲਾਂ ਤੋਂ ਬੇਦਖਲ ਸਮਾਜ ਨੂੰ 200 ਸਾਲਾ ਸ਼ਾਸਨ ਦੌਰਾਨ ਬਰਾਬਰੀ ਉਤੇ ਲਿਆਉਣ ਦੀ ਕੋਸ਼ਿਸ਼ ਕੀਤੀ, ਉਸ ਦੇ ਬਰਾਬਰ ਭਾਰਤੀ ਕਰਨ ਯੋਗ ਨਹੀ। ਉਹ ਮਜਬੂਰੀ ਵਸ ਹੀ ਥੋੜੀ ਬਹੁਤ ਮਾਨਸਿਕਤਾ ਬਦਲ ਸਕੇ ਹਨ। ਇਹ ਮਜਬੂਰੀ ਕਿਉਂ ਕਿਦਾਂ ਬਣੀ ਇਸ ਦੇ ਬਹੁਤ ਸਾਰੇ ਕਾਰਨ ਹਨ। ਇਸ ਲਈਬਾਬਾ ਸਾਹਿਬ ਦੀਆਂ ਕੋਸ਼ਿਸ਼ਾਂ ਦਾ ਵਰਣਨ ਕਰਨ ਯੋਗ ਹਨ। ਲਾਹਣਤ ਭਰੀ ਜਿੰਦਗੀ ਜਿੰਦਗੀ ਜਿਉਂਦੇ ਸਿੱਖਿਆ ਦੇ ਖੇਤਰ ਵਿਚ ਅੱਗੇ ਵਧਦੇ ਔਕੜਾਂ ਦਾ ਸਾਹਮਣਾ ਕਰਦੇ ਹੋਏ ਬਾਬਾ ਸਾਹਿਬ ਦਾ ਪ੍ਰਣ ਸੀ ਕਿ ਉਹ ਹਜਾਰਾਂ ਸਾਲਾ ਦੇ ਲਤਾੜੇ, ਬੇਦਖਲ ਅਛੂਤ ਸਮਾਜ ਨੂੰ ਗੁਲਾਮੀ ਤੋਂ ਨਿਯਾਤ ਦਵਾਉਣਗੇ। ਵਿਦੇਸ਼ ਤੋਂ ਪੜਾਈ ਪੂਰੀ ਕਰ ਭਾਰਤ ਆ ਉਹਨਾਂ ਅੰਗਰੇਜ਼ ਸਰਕਾਰ ਨੂੰ ਅਛੂਤ ਨੂੰ ਅਧਿਕਾਰ ਦੇਣ ਲਈ ਮਿਲਣ ਅਤੇ ਪਤਰਾਚਾਰ ਕਰਨਾ ਸੁਰੂ ਕੀਤਾ। ਇਸ ਨੂੰ ਵੱਡ ਹੁੰਗਾਰਾ ਲੰਡਨ ਵਿਚ ਹੋਣ ਵਾਲੀਆਂ ਤਿੰਨ ਗੋਲ ਮੇਜ ਕੋਨਫਰੰਸਾ ਵਿਚ ਮਿਲਿਆ। ਬਾਬਾ ਸਾਹਿਬ ਦੀ ਕੋਸ਼ਿਸ਼ ਸਦਕਾ, ਅੰਗਰੇਜ਼ ਸਰਕਾਰ ਦੁਆਰਾਅਛੂਤ ਸਮਾਜ ਦੇ ਦੁਰਦਸ਼ਾ ਦਾ ਹਾਲ ਜਾਣਣ ਲਈ ਸਾਇਮਨ ਕਮਿਸ਼ਨ ਦਾ ਗਠਨ ਕਰ ਭਾਰਤ ਭੇਜਿਆ। ਇਸ ਕਮਿਸ਼ਨ ਦਾ ਮਕਸਦ ਹਜਾਰਾਂ ਸਾਲਾਂ ਦੀਆ ਬੇਦਖਲੀਆਂ, ਅਛੂਤਤਾ ਦੇ ਸ਼ਿਕਾਰ ਸਮਾਜ ਨੂੰ ਰਾਹਤ ਦੇਣਾ ਸੀ।ਹਿੰਦੂ ਸਮਾਜ ਜਿਸ ਕਾਰਨ ਇਹ ਹਜਾਰਾਂ ਸਾਲ ਅਮਾਨਵਤਾ ਦਾ ਸ਼ਿਕਾਰ ਰਿਹਾ, ਉਸ ਨੇ ਖੁੱਲੇਆਮ ਦਲਿਤ ਸਮਾਜ ਨੂੰ ਅੰਗਰੇਜ਼ਾਂ ਵਲੋਂ ਮਿਲਣ ਵਾਲੀ ਰਾਹਤ ਦਾ ਵਿਰੋਧ ਕੀਤਾ। "ਸਾਈਮਨ ਕਮਿਸ਼ਨ ਗੋ ਬੈਕ" ਵਾਲੇ, ਉਹ ਦੇਸ਼ ਭਗਤ ਹੋ ਹੀ ਨਹੀ ਸਕਦੇ। ਕਿਉਕਿ ਇਹ ਕੰਮ ਉਸ ਸਮਾਜ ਲਈ ਮਾਨਵਹਿਤ ਕੰਮ ਕਰਨ ਦਾ ਸੀ ਜੋ ਭਾਰਤੀ ਹੁੰਦੇ ਹੋਏ, ਭਾਰਤੀਆਂ ਦੀ ਲੁੱਟ ਦੀ ਸ਼ਿਕਾਰ ਸੀ। ਅੰਗਰੇਜ਼ਾਂ ਤੋਂ ਆਪਣੇ ਲਈ ਅੰਗਰੇਜ਼ੀ ਸ਼ਾਸ਼ਨ, ਪ੍ਰਸ਼ਾਸਨ ਵਿਚ ਰਿਜ਼ਰਵੇਸਨ ਮੰਗਣ ਵਾਲੇ ਲੋਕ ਭਾਰਤ ਦੇ ਅਛੂਤ ਸਮਾਜ ਨੂੰ ਭਵਿਖ ਵਿਚ ਮਿਲਣ ਵਾਲੀ ਰਾਹਤ ਦਾ ਵਿਰੋਧ ਕਰਦੇ ਹੋਣ, ਇਹ ਅਮਾਨਵੀਆ ਕੰਮ ਕਰਨ ਵਾਲੇ ਦੇਸ਼ ਭਗਤ ਨਹੀਂ ਅਸਮਾਜਿਕ ਲੋਕ ਹੋ ਸਕਦੇ ਹਨ।

ਕਮਿਸ਼ਨ ਨੇ ਅਸਮਾਜਿਕ ਸੋਚ ਦੇ ਸ਼ਿਕਾਰ ਲੋਕਾਂ ਦਾ ਵਿਰੋਧਦੇਖਿਆ, ਰਿਪੋਰਟ ਬਣਾ ਸਰਕਾਰ ਨੂੰ ਦਿਤੀ, ਅਛੂਤਾਂ ਨੂੰ ਕਮਿਊਨਲ ਅਵਾਰਡ ਦਿਤਾ। ਇਸ ਦਾ ਮੁੱਖ ਮੰਤਵ ਇਮਾਨਦਾਰ ਸੀ। ਕਮਿਸ਼ਨ ਜਾਣ ਗਿਆ ਸੀ ਕਿ ਹਜਾਰਾਂ ਸਾਲਾਂ ਦੇ ਬੇਦਖਲ ਡਰ ਦੇ ਛਾਏ ਵਿਚ ਜਿਉਣ ਵਾਲੇ ਸਮਾਜ ਦੇ ਲੋਕ ਚੋਣਾਂ ਸਮੇਂ ਤਾਕਤ ਦੇ ਜੋਰ ਦਬਾਉਂਦਾ ਆ ਰਿਹਾ ਹੈ। ਉਹ ਤਾਕਤਵਰ ਸਮਾਜਅਛੂਤ ਵੋਟ ਨੂੰ ਪ੍ਰਭਾਵਤ ਕਰ ਗਲਤ ਨੇਤਾ ਦੇ ਹੱਕ ਵਿਚ ਵਰਤਣ ਦਾ ਦਮ ਰਖਦਾ ਹੈ। ਕਮਿਸ਼ਨ ਦੀ ਰਿਪੋਰਟ ਦਾ ਮਤਲਵ ਸੀ ਕਿ ਅਛੂਤ, ਦੱਬੇ, ਲਤਾੜੇ, ਡਰੇ, ਸਹਿਮੇ ਲੋਕ ਬਿਨਾ ਕਿਸੇ ਬਾਹਰੀ ਦਬਾਵ ਦੇ ਆਪਣੇ ਵਿਚੋਂ ਇਕ ਵਧੀਆ ਨੇਤਾ ਦੀ ਚੋਣ ਕਰ ਸਕਣ, ਜੋ ਉਹਨਾ ਲਈ ਸੰਸਦ, ਵਿਧਾਨ ਸਭਾਵਾਂ ਆਦਿ ਵਿਚੋਂ ਹੱਕ ਅਤੇ ਇਨਸਾਫ ਦਵਾ ਸਕੇ। 1932 ਵਿਚ, ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਅਵਾਰਡ ਰਾਹੀ "ਡਿਪਰੈਸਡ ਕਲਾਸਾਂ" ਲਈ ਵੱਖਰੇ ਵੋਟਰ ਪ੍ਰਣਾਲੀ ਦੇ ਗਠਨ ਦੀ ਘੋਸ਼ਣਾ ਕੀਤੀ।

ਬਾਬਾ ਸਾਹਿਬ ਦੀਆਂ ਕੋਸ਼ਿਸ਼ਾਂ ਨਾਲ ਭਾਰਤ ਦੇ ਦੱਬੇ ਅਤੇ ਬੇਦਖਲ ਅਛੂਤ ਸਮਾਜ ਦੇ ਹਜਾਰਾਂ ਸਾਲ ਗੁਲਾਮੀ ਦੀ ਜਿੰਦਗੀ ਹੰਢਾਉਣ ਬਾਅਦ ਪਹਿਲੀ ਵਾਰ ਜਿੰਦਗੀ ਸਧਾਰਨ ਦੀਰਾਹਤ ਦੀ ਕਿਰਨ ਦਿਖਾਈ ਦਿਤੀ ਸੀ। ਇਹ ਗੁਲਾਮੀ ਅਤੇ ਲਾਹਣਤ ਭਰੀ ਜਿੰਦਗੀ ਭਾਰਤ ਦੇ ਸਤ੍ਹਾ ਧਾਰੀ ਹਿੰਦੂ ਅਤੇ ਮੁਸਲਮਾਨ ਸ਼ਾਸ਼ਕਾਂ ਦੀ ਬਦੌਲਤ ਹੀ ਸੀ। ਇਹ ਸਭਬਾਬਾ ਸਾਹਿਬ ਦੀ ਮਿਹਨਤ ਅਤੇ ਅੰਗਰੇਜ਼ ਸਰਕਾਰ ਦੇ ਇਨਸਾਫ ਪਸੰਦ ਚਰਿੱਤਰ ਹੋਣ ਦੇ ਕਾਰਨ ਹੋ ਸਕਿਆ ਸੀ। ਆਪਣੇ ਲਈ ਸਤ੍ਹਾ ਪ੍ਰਾਪਤੀ ਅਤੇ ਰਾਹਤ ਦੀ ਮੰਗ ਕਰਨ ਵਾਲੇ ਭਾਰਤੀਆਂ ਨੂੰ ਹਮੇਸ਼ਾਂ ਦਰਦ ਉਸ ਸਮੇਂ ਹੁੰਦਾ ਰਿਹਾ ਹੈ ਜਦੋਂ ਜਦੋਂ ਅਛੂਤਾਂ ਨੂੰ ਅਧਿਕਾਰ ਮਿਲਣ ਦੀ ਗਲ ਹੋਈ ਹੈ। ਇਤਿਹਾਸ ਲਿਖਣ ਵੇਲੇ ਵੀ ਬਹੁਤ ਜਿਆਦਾ ਸਥਾਨ ਤਕੜੇ ਹੀ ਲੈ ਜਾਂਦੇ ਹਨ, ਕਮਜੋਰਾਂ ਨੂੰ ਇਥੇ ਵੀ ਬੇਦਖਲ ਰਖਿਆ ਜਾਂਦਾ ਹੈ। ਇਸ ਲਈ ਬਹੁਤ ਸਾਰੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ, ਉਹਨਾਦੇ ਸਬੰਧ ਵਿਚ ਖਾਸ ਨਹੀ ਮਿਲਦਾ।

ਇਸ ਵਾਰ ਵੀ ਅਛੂਤਾਂ ਨੂੰ ਮਿਲਣ ਵਾਲੀ ਵੱਖਰੇ ਵੋਟ ਪ੍ਰਣਾਲੀ ਰਿਆਇਤ ਦਾ ਗਾਂਧੀ ਨੇ ਸਖਤ ਵਿਰੋਧ ਕੀਤਾ ਕਿ ਉਨ੍ਹਾਂ ਨੂੰ ਡਰ ਸੀ ਕਿ ਅਜਿਹੀ ਵਿਵਸਥਾ ਹਿੰਦੂ ਭਾਈਚਾਰੇ ਨੂੰ ਵੰਡ ਦੇਵੇਗੀ।ਪਰ ਹਿੰਦੂ ਭਾਈਚਾਰਾਂ ਤਾਂ ਹਜਾਰਾਂ ਸਾਲਾਂ ਤੋਂ ਵੰਡਿਆ ਹੋਇਆ ਸੀ। ਉਸ ਨਵੀਂ ਵੰਡ ਨਾਲ ਜੋ ਲਾਭ ਅਛੂਤ ਸਮਾਜ ਨੂੰ ਹੋਣ ਵਾਲਾ ਸੀ ਉਹ ਦੇਣ ਨੂੰ ਤਿਆਰ ਨਹੀ ਸੀ। ਉੱਚ ਜਾਤੀ ਹਿੰਦੂ ਸਤ੍ਹਾ ਅਤੇ ਸ਼ਾਸ਼ਨ ਵਿਚਏਕਾਅਧਿਕਾਰਬਣਾਏ ਰਖਣਾ ਚਾਹੁੰਦਾ ਸੀ। ਇਸ ਲਈ ਹਿੰਦੂ ਵਰਣ ਵੰਡ ਦੇ ਸ਼ਿਕਾਰ ਹੋਏ ਸਮਾਜ ਨੂੰ ਰਾਹਤ ਮਿਲਣ ਦਾ ਵਿਰੋਧ ਕਰ ਰਿਹਾ ਸੀ। ਗਾਂਧੀ ਦਾ ਡਰ ਹਿੰਦੂ, ਮੁਸਲਮਾਨ ਵਿਚ ਅਛੂਤਾਂ ਦੀ ਅਜ਼ਾਦ ਸੋਚ ਹੋਣ ਨਾਲ ਹਿੰਦੂਆਂ ਦੀ ਸਤ੍ਹਾ ਦੀ ਖੇਡ ਵਿਗਾੜ ਸਕਦੀ ਸੀ। ਕਿਉਂਕਿ ਅਛੂਤ ਆਪਣੇ ਲਾਭ ਨੂੰ ਦੇਖਦੇ ਹੋਏ ਦੋਨਾ ਵਿਚੋ (ਹਿੰਦੂ, ਮੁਸਲਮਾਨ) ਕਿਸੇ ਦੀ ਬਹੁਗਿਣਤੀ ਬਣਾਉਣ ਯੋਗ ਹੋ ਸਕਦੇ ਸਨ। ਇਸ ਤਰਾਂ ਹਿੰਦੂਆਂ ਦਾ ਨੁਕਸਾਨ ਅਤੇ ਅਛੂਤਾਂ ਨੂੰ ਲਾਭ ਹੋ ਸਕਦਾ ਸੀ, ਜੋ ਗਾਂਧੀ ਨਹੀਂ ਚਾਹੁੰਦੇ ਸਨ। ਰਹੀ ਗਲ ਮੁਸਲਮਾਨਾਂ ਦੀ ਉਹਨਾ ਆਪਣੇ ਲਈ ਵੱਖ ਰਾਸ਼ਟਰ ਦੀ ਮੰਗ ਨੂੰ ਲੈ ਹਿੰਦੂਆ ਨੂੰ ਦੇਣ ਵਾਲੀ ਚਣੌਤੀ ਨੂੰ ਖਤਮ ਕਰਨ ਦੀ ਸੰਭਾਵਨਾ ਸੀ।

ਸ਼ਾਇਦ ਇਹ ਗਾਂਧੀ ਅਤੇ ਉਸ ਦੇ ਸਾਥੀਆਂ ਨੇ ਪਾਕਿਸਤਾਨ ਦੇ ਵਿਕਲਪ ਦਾ ਅੰਦਰੋਂ ਮਨ ਵਿਚ ਮੰਨ ਲਿਆ ਸੀ। ਅਛੂਤਾਂ ਨੂੰ ਹਿੱਸੇਦਾਰੀ ਨੂੰ ਚਣੌਤੀ ਮੰਨ, ਇਸ ਨੂੰ ਖਤਮ ਕਰ ਅਜ਼ਾਦੀ ਦਾ ਸਾਰਾ ਲਾਭ ਉੱਚ ਜਾਤੀ ਹਿੰਦੂ ਲੈਣ ਲਈ ਤਤਪਰ ਹੋਣਾ ਕਾਰਨ ਸਨ।

ਉੱਚ ਵਰਗ ਹਿੰਦੂਆਂ ਦੇ ਪੈਰ ਥੱਲੇ ਰਹਿਣ ਵਾਲਾ ਅਛੂਤ ਵਰਗ ਚਣੌਤੀ ਦੇਣ ਲਾਈਕ ਹੋਣ ਦਾ ਖਤਰਾ ਹੋ ਜਾਵੇ ਇਹ ਕਦੀ ਵੀ ਉੱਚ ਵਰਗ ਹਿੰਦੂਆਂ ਨੂੰ ਬਰਦਾਸਤ ਨਹੀ ਸੀ। ਗਾਂਧੀ ਨੇ ਪੂਨਾ ਦੀ ਯਰਵਦਾ ਸੈਂਟਰਲ ਜੇਲ੍ਹ ਵਿੱਚ ਕੈਦ ਦੌਰਾਨ ਅਤੇ ਕੈਦ ਤੋਂ ਬਾਹਰਉੱਚ ਵਰਗ ਹਿੰਦੂਆਂ ਨੇ ਇਸ ਅਵਾਰਡ ਦਾ ਵਿਰੋਧ ਕੀਤਾ, ਅਤੇ ਜੇਲ ਵਿਚ ਹੀ ਗਾਂਧੀ ਦੀ ਮਰਨ ਵਰਤ ਰਖਵਾਉਣ ਦਾ ਸਹਾਇਕ ਵਜੋਂ ਕੰਮ ਕੀਤਾ। ਬਾਹਰ ਅਵਾਰਡ ਵਾਪਿਸ ਕਰਨ ਲਈ ਅੰਬੇਡਕਰ ਉਤੇ ਦਬਾਓ ਬਨਾਉਣ ਲਈ ਉਸ ਨੂੰ ਡਰਾਈਆ, ਧਮਕਾਇਆ ਗਿਆ, ਪਰ ਉਹ ਨਹੀ ਡਰੇ। ਫਿਰ ਦਬਾਓ ਲਈ ਭਾਰਤ ਦੇ ਕਈ ਇਲਾਕਿਆਂ ਵਿਚ ਅਛੂਤ ਬਸਤੀਆਂ ਵਿਚ ਅੱਗਜਨੀ ਕੀਤੀ, ਜਿਸ ਨਾਲ ਨਿਰਦੋਸ਼, ਅਣਭੋਲ, ਮਾਸੂਮ ਲੋਕਾਂ ਦੀ ਜਾਨ ਜਾਣ ਦੇ ਡਰ ਨਾਲ ਬਾਬਾ ਸਾਹਿਬ ਹਿੱਲ ਗਏ। ਉਧਰ ਵਰਤ ਰਖਾਉਣ ਤੋਂ ਬਾਅਦ, ਕਾਂਗਰਸ ਦੇ ਸਿਆਸਤਦਾਨਾਂ ਅਤੇ ਕਾਰਕੁਨਾਂ ਜਿਵੇਂ ਕਿ ਮਦਨ ਮੋਹਨ ਮਾਲਵੀਆ ਅਤੇ ਪਲਵੰਕਰ ਬੱਲੂ ਆਦਿ ਕਈ ਅੰਬੇਦਕਰ ਅਤੇ ਉਸ ਦੇ ਸਮਰਥਕਾਂ ਨਾਲ ਯੇਰਵਾੜਾ ਵਿਖੇ ਸਾਂਝੀ ਮੀਟਿੰਗਾਂ ਵੀ ਕਰਦੇ ਰਹੇ। ਆਖਰ ਦਬਾਉ ਵਿਚ ਡਾ. ਅੰਬੇਦਕਰ (ਅਛੂਤ ਵਗਰ ਦੀ ਤਰਫੋਂ) ਵਲੋਂ 25 ਸਤੰਬਰ 1932 ਨੂੰ ਮਦਨ ਮੋਹਨ ਮਾਲਵੀਆ ਸਮੇਤ ਕਈ ਹੋਰ ( ਉੱਚ ਵਰਗ ਹਿੰਦੂਆਂ ਦੀ ਤਰਫ) ਦੇ ਵਿਚਕਾਰ ਪੂਨਾ ਸਮਝੌਤੇ ਉਤੇ ਹਸਤਾਖਰ ਹੋਏ। ਕਈਆਂ ਹਜਾਰਾਂ ਸਾਲਾ ਬਾਅਦ ਗੁਲਾਮੀ ਝੇਲਦੇ ਅਛੂਤਾਂ ਨੂੰ ਭਾਰਤ ਵਿਚ ਬਰਾਬਰੀ ਦੇ ਹੱਕ ਨਾਲ ਜਿਉਣ ਦੇ ਦੀਪ ਦੀ ਲੋਅ ਮਧਮ ਕਰ ਦਿਤੀ। ਮਾਨਵ ਬਰਾਬਰੀ ਦੇਣ ਦਾ ਕੰਮ ਇਹ ਅੰਗਰੇਜ਼ ਸ਼ਾਸ਼ਨ ਵਿਚ ਹੀ ਹੋ ਪਾਇਆ, ਕਿਉਂਕਿ ਬਹੁਤ ਸਾਰੀਆਂ ਘਾਟਾਂ ਹੋਣ ਦੇ ਬਾਵਜੂਦ ਉਹ ਇਕ ਇਨਸਾਫ ਪਸੰਦ ਸ਼ਾਸ਼ਕ ਅਤੇ ਕੌਮ ਹੈ, ਇਸੇ ਲਈ ਤਾਕਤਵਰ ਵੀ ਹੈ।

ਪੂਨਾ ਪੈਕਟ ਉੱਚ ਜਾਤੀ ਹਿੰਦੂਆ ਵਲੋਂ ਅਛੂਤਾਂਉਤੇ ਗੁਲਾਮੀ ਵਿਚ ਜਕੜਨ ਬਣਾਏ ਰਖਣ ਦਾ ਸਬੂਤ ਹੈ। ਇਸ ਲੇਖ ਵਿਚ ਉਪਰ, ਬਾਬਾ ਸਾਹਿਬ ਦੇ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦਿਤਾ ਭਾਸ਼ਨ ਵਿਚ ਭਾਰਤੀਆਂ ਵਲੋਂ ਇਤਿਹਾਸ ਵਿੱਚ ਭਾਰਤੀਆਂ ਨਾਲ ਗਦਾਰੀਆਂ ਕਰਨ ਦੀਆਂ ਉਧਾਰਨਾਂ ਦਾ ਜਿਕਰ ਕੀਤਾ ਹੈ। ਇਹ ਜਿਕਰ ਕੀਤੀਆਂ ਗਦਾਰੀਆਂਰਾਜਿਆਂ ਦੇ ਖਿਲਾਫ ਸਨ। ਗਦਾਰੀਆਂ ਦੀ ਪ੍ਰੀਭਾਸ਼ਾ ਆਪਣੇ ਹੀ ਰਾਜੇ ਨਾਲ ਗਦਾਰੀ ਤਕ ਸੀਮਤ ਨਹੀ ਹੋ ਸਕਦੀ। ਹਜਾਰਾਂ ਸਾਲਾਂ ਤੋਂ ਦਬੇ, ਲਤਾੜੇ, ਦੁਰਕਾਰੇ, ਬੇਦਖਲ, ਅਛੂਤ ਸਮਾਜ ਨੂੰ ਮਿਲਣ ਜਾ ਰਹੀ ਅਜ਼ਾਦੀ ਅਤੇ ਹੱਕਾਂ ਨੂੰ ਮਰਨ ਵਰਤ ਰੱਖ, ਅਛੂਤ ਬਸਤੀਆਂ ਵਿਚ ਅੱਗਜਨੀ ਕਰ, ਹੋਰ ਅਨੈਤਿਕ ਢੰਗ ਨਾਲ ਦਬਾਅ ਬਣਾ, ਉਸ ਹੱਕ ਨੂੰ ਖਤਮ ਕਰ ਦੇਣ ਵਾਲੇ, ਅਛੂਤ ਸਮਾਜ ਦੇ ਗਦਾਰ ਹੀ ਹੋ ਸਕਦੇ ਹਨ। ਇਹ ਕੰਮ ਕਰਨ ਵਾਲੇ ਸਧਾਰਨ ਮਨੁੱਖ ਨਹੀਂ, ਜੈਚੰਦਾਂ ਦੀ ਟੋਲੀ ਕਹੀ ਜਾ ਸਕਦੀ ਹੈ।ਅਧੁਨਿਕ ਭਾਰਤ ਵਿਚ ਇਹ ਭਾਰਤ ਨਾਲ ਭਾਰਤੀਆਂ ਦੁਆਰਾ ਕੀਤੀ ਬਹੁਤ ਵੱਡੀ ਗਦਾਰੀ ਕਹੀ ਜਾ ਸਕਦੀ ਹੈ। ਉਹ ਭਾਰਤੀ ਟੁੱਟਿਆ ਫੁੱਟਿਆ ਸਮਾਜ ਜਿਸ ਦੇ ਨਾਗਰਿਕ ਤਲਾਬ ਤੋਂ ਪਾਣੀ ਨਾ ਪੀ ਸਕਦੇ ਹੋਣ ਜਿੱਥੇ ਕੁੱਤੇ ਪੀ ਸਕਦੇ ਹੋਣ, ਨੂੰ ਮਾਨਵੀਆ ਹੱਕ ਮਿਲਣ ਨਾਲ ਭਵਿੱਖ ਵਿਚ ਸਖਸ਼ਮ ਕੌਮ ਬਣ ਭਾਰਤ ਨੂੰ ਮਜ਼ਬੂਤ ਰਾਸ਼ਟਰ ਬਨਾਣ ਵਿਚ ਨਿਗਰ ਯੋਗਦਾਨ ਪਾਉਣ ਲਾਇਕ ਬਨਾਉਣਾ ਸੀ, ਉਸ ਨੂੰ ਕਮਯੋਰ ਕਰਨਾ ਇਕ ਗਦਾਰੀ ਕਿਹਾ ਜਾ ਸਕਦਾ ਹੈ।

ਪੂਨਾ ਸਮਝੌਤੇ ਨੇ ਸਾਂਝੀ ਵੋਟਰ ਪ੍ਰਣਾਲੀ ਬਣਾਈ ਰਖੀ, ਆਰਜ਼ੀ ਵਿਧਾਨ ਸਭਾਵਾਂ ਵਿੱਚ ਅਛੂਤ ਵਰਗ ਲਈ ਰਾਖਵੀਆਂ ਸੀਟਾਂ ਦਿੱਤੀਆਂ। ਸਮਝੌਤੇ ਦੇ ਕਾਰਨ, ਅਛੂਤ ਵਰਗ ਨੂੰ ਵਿਧਾਨ ਸਭਾ ਵਿੱਚ 148 ਸੀਟਾਂ ਦਿੱਤੀਆਂ। ਇਸ ਟੈਕਸਟ ਵਿਚ ਹਿੰਦੂਆਂ ਵਿਚ ਅਛੂਤ ਲੋਕਾਂ ਨੂੰ ਦਰਸਾਉਣ ਲਈ "ਡਿਪਰੈਸਡ ਕਲਾਸਾਂ" ਸ਼ਬਦ ਦੀ ਵਰਤੋਂ ਕੀਤੀ ਗਈ ਸੀ ਜਿਨ੍ਹਾਂ ਨੂੰ ਬਾਅਦ ਵਿਚ ਇੰਡੀਆ ਐਕਟ 1935 ਅਧੀਨ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਂ ਦਿਤਾ ਗਿਆ, ਅਤੇ 1950 ਦਾ ਬਾਅਦ ਦਾ ਭਾਰਤੀ ਸੰਵਿਧਾਨ ਵਿਚ ਪੂਨਾ ਸਮਝੌਤੇ ਤਹਿਤ ਹੀ, ਰਿਜ਼ਰਵੇਸ਼ਨ ਅਤੇ ਸਾਂਝੀ ਚੋਣ ਸਿਧਾਂਤਕ ਤੌਰ 'ਤੇ ਲਾਗੂ ਕੀਤਾ ਗਿਆ।

ਅੱਜ ਉਸ ਪੂਨਾ ਪੈਕਟ ਦੀ ਬਦੌਲਤ ਹੀ ਰਿਜ਼ਰਵੇਸ਼ਨ ਵੀ ਮਿਲੀ ਅਤੇ ਉਸਦੇ ਫਲ ਸਵਰੂਪ ਬਹੁਤਾ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਨੇਤਾ ਉਹ ਹੀ ਜਿੱਤਣ ਯੋਗ ਹਨ ਜਿਸ ਨੂੰ ਜਰਨਲ ਲੋਕ ਪਸੰਦ ਕਰਦੇ ਹੋਣ ਭਾਵ ਉਹਨਾ ਦੀ ਗੁਲਾਮੀ ਨੂੰ ਸਵਿਕਾਰ ਕਰਦੇ ਹੋਣ ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਮੰਗਾਂ ਅਤੇ ਹੱਕਾਂ ਪ੍ਰਤੀ ਮੂਕ ਦਰਸ਼ਕ ਬਣਨ ਦੇ ਯੋਗ ਹੋਣ। ਇਸ ਤਰਾਂ ਪੂਨਾ ਪੈਕਟ ਦੇ ਪੇਟ ਵਿਚੋਂ ਜਨਮੇਂ ਬਹੁਤੇ ਅਛੂਤ ਨੇਤਾ ਇੱਕ ਯੋਗੀ ਦੇ ਗਲ ਵਿੱਚ ਸੱਪ ਦੀ ਤਰਾਂ ਹਨ ਜਿਹਨਾਂ ਦੇ ਦੰਦ ਨਹੀਂ ਅਤੇ ਡਰ ਨਹੀ। ਇਹ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦਾ ਹੀ ਨੁਕਸਾਨ ਨਹੀ ਸਮੁੱਚੇ ਰਾਸ਼ਟਰ ਦਾ ਨੁਕਸਾਨ ਹੋਇਆ ਹੈ।

### ਸਮਾਜਿਕ ਅਤੇ ਇਤਿਹਾਸਕ ਪਿਛੋਕੜ ਵਿਚ

# ਗੁਰੂ ਨਾਨਕ ਦਾ ਫਲਸਫਾ ਅਤੇ ਅਸੀਂ



ਇਸ ਧਰਤੀ ਤੇ ਕਦੇ-ਕਦੇ ਅਜਿਹੀਆਂ ਸ਼ਖਸੀਅਤਾਂ ਜਨਮ ਲੈਂਦੀਆਂ ਹਨ ਕਿ ਉਹਨਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਆਂ ਤੀਕਰ ਚਾਨਣ ਮੁਨਾਰਾ ਬਣ ਕੇ ਰਾਹ ਦੱਸਦਾ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਇਸ ਤੋਂ ਦਿਸ਼ਾ-ਨਿਰਦੇਸ਼ ਲੈਂਦਾ ਹੈ ਜਾਂ ਨਹੀਂ। ਇਹੋ ਜਿਹੀਆਂ ਸ਼ਖਸੀਅਤਾਂ ਕਾਲ (ਮੌਤ) ਅਤੇ ਸਮੇਂ ਦੇ ਅਧੀਨ ਨਹੀਂ ਹੁੰਦੀਆਂ ਸਗੋਂ ਇਹ ਕਾਲ ਅਤੇ ਸਮੇਂ ਨੂੰ ਆਪਣੀ ਤੋਰੇ ਤੋਰਨ ਦੇ ਸਮਰੱਥ ਹੁੰਦੀਆਂ, ਯੁੱਗ ਪੁਰਸ਼ ਬਣ ਜਾਂਦੀਆਂ ਹਨ। ਯੁੱਗ ਭਾਵੇਂ ਇਹਨਾਂ ਨਾਲ ਬੇਵਫ਼ਾਈ ਕਰੇ, ਅੱਨਿਆ ਕਰੇ, ਇਹਨਾਂ ਦੇ ਰਾਹਾਂ ਵਿਚ ਦੁਸ਼ਵਾਰੀਆਂ ਦੇ ਕੰਡੇ ਬਿਖੇਰੇ ਪਰ ਇਹਨਾਂ ਔਝੜੇ ਰਾਹਾਂ ਦੇ ਇਹ ਰਾਹੀ ਲਗਾਤਾਰ ਅਡੋਲ ਤੁਰਦੇ ਹੋਏ ਅਖੀਰ ਆਪਣਾ ਵੱਖਰਾ ਰਾਹ ਬਣਾ ਜਾਂਦੇ ਹਨ, ਜਿਸ 'ਤੇ ਕਿੰਨੇ ਹੀ ਹੋਰ ਤੁਰ ਸਕਣ ਦਾ ਬਲ ਇਕੱਤਰ ਕਰਦਿਆਂ ਸਫਲ/ਅਸਫਲ ਹੁੰਦੇ ਰਹਿੰਦੇ ਹਨ। ਇਹੋ ਜਿਹੇ ਰਾਹ ਦੇ ਰਾਹੀਆਂ ਦਾ ਪਤਾ ਨਹੀਂ ਚੱਲਦਾ ਕਦੋਂ ਕਾਫਲਾ ਬਣ ਜਾਂਦਾ ਹੈ, ਜਦੋਂ ਕਾਫਲਾ ਪੰਥ/ਸੰਸਥਾ ਬਣ ਜਾਂਦੀ ਹੈ, ਜਦੋਂ ਪੰਥ ਆਪਣਾ ਫਲਸਫਾ ਬਣਾ ਲੈਂਦਾ ਹੈ ਤੇ ਕਦੋਂ ਇਹ ਪੰਥ ਤੇ ਫਲਸਫਾ ਆਪਣਾ ਜਨਮ ਸਥਾਨ, ਪਿੰਡ, ਕਸਬਾ, ਸ਼ਹਿਰ, ਦੇਸ਼ ਛੱਡ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਇਹੋ ਜਿਹੀ ਹੀ ਇਕ ਹਸਤੀ ਜਿਸਨੇ 15 ਅਪ੍ਰੈਲ 1469 (ਸ਼੍ਰੋਮਣੀ ਕਮੇਟੀ ਅਨੁਸਾਰ ਨਵੰਬਰ 1469) ਨੂੰ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਤਲਵੰਡੀ ਰਾਇ ਭੋਇ (ਹੁਣ ਨਨਕਾਣਾ ਸਾਹਿਬ ਪਾਕਿਸਤਾਨ) ਵਿਖੇ ਬਾਲਕ ਦੇ ਰੂਪ ਵਿਚ ਜਨਮ ਲਿਆ। ਇਸੇ ਹੀ ਬਾਲਕ ਨੇ ਵੱਡਿਆਂ ਹੋ ਕੇ ਨਾਨਕ ਫਿਰ ਗੁਰੂ ਨਾਨਕ ਅਤੇ ਫਿਰ ਸਤਿਗੁਰ ਨਾਨਕ ਅਖਵਾਇਆ। ਸਤਿਗੁਰੂ ਤੱਕ ਦਾ ਇਹ ਸਫ਼ਰ ਇੰਨਾ ਆਸਾਨ ਨਹੀਂ ਸੀ। ਇਸ ਵਿਚ ਨਾਨਕ ਦੀ ਜੀਵਨ ਭਰ ਦੀ ਮਿਹਨਤ, ਘਾਲਣਾ ਅਤੇ ਲਗਨ ਵੇਖੀ ਜਾ ਸਕਦੀ ਹੈ, ਨਹੀਂ ਤਾਂ ਸਮਾਂ ਵੀ ਪ੍ਰਤੀਕੂਲ ਰਿਹਾ, ਰਾਹ ਵੀ ਕੰਡਿਆਲੇ ਸਨ ਅਤੇ ਮੌਸਮ ਵੀ ਬੇਵਫਾ ਰਿਹਾ ਪਰ ਇਹ ਸਭ ਮਿਲ ਕੇ ਵੀ ਇਸ ਰਾਹੀਂ ਨੂੰ ਮੰਜ਼ਲ ਵੱਲ ਵਧਣ ਤੋਂ ਨਾ ਰੋਕ ਸਕੇ। ਇਹਨਾਂ ਹਾਲਾਤਾਂ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਇਹ ਸੱਤਰਾਂ 'ਸਤਿਗੁਰੂ ਨਾਨਕ ਪ੍ਰਗਿਆ, ਮਿਟੀ ਧੁੰਦ ਜਗ ਚਾਨਣ ਹੋਆ' ਭਲੀਭਾਂਤ ਬਿਆਨ ਕਰਦੀਆਂ ਹਨ ਕਿ ਉਹਨਾਂ ਦੇ ਜਨਮ ਸਮੇਂ ਸਮਾਜ ਵਿਚ ਕਿੰਨਾ ਅੰਧਕਾਰ, ਹਨੇਰਾ, ਗੁਬਾਰ ਅਤੇ ਧੁੰਦ ਸੀ, ਜਿਸਨੂੰ ਗੁਰੂ ਨਾਨਕ ਨੇ ਸੂਰਜ ਬਣ ਦੂਰ ਕਰਨ ਦੇ ਯਤਨ ਕੀਤੇ ਹੋਣਗੇ।

### ਜਨਮ ਵੇਲੇ ਦੇ ਹਾਲਾਤ ਦਾ ਪਿਛੋਕੜ

ਗੁਰੂ ਨਾਨਕ ਦੇ ਜਨਮ ਵੇਲੇ ਦੇ ਹਾਲਾਤ ਸਮਝਿਆਂ ਬਿਨਾਂ ਉਹਨਾਂ ਦੇ ਫਸਲਫੇ ਦੀਆਂ ਜੜ੍ਹਾਂ ਤੱਕ ਨਹੀਂ ਜਾਇਆ ਜਾ ਸਕਦਾ। ਇਹ ਨਾਂ 'ਤੇ ਇਕ ਝਾਤ ਪਾਉਣੀ ਜ਼ਰੂਰੀ ਹੈ। ਇਹ ਉਹ ਸਮਾਂ ਸੀ ਜਦੋਂ ਮੁਗਲਾਂ ਦੇ ਲਗਾਤਾਰ ਹਮਲਿਆਂ ਨੇ ਪਹਿਲਾਂ ਤੋਂ ਹੀ ਡਿਗੂੰ ਡਿਗੂੰ ਕਰਦੇ ਭਾਰਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਗੁਲਾਮੀ ਦਰ ਗੁਲਾਮੀ ਨਿੱਤ ਵਧਦੀ ਜਾ ਰਹੀ ਸੀ। ਜਾਤਪਾਤ, ਊਚ-ਨੀਚ, ਘੋਰ ਗਰੀਬੀ, ਸਮਾਜਿਕ ਅੱਨਿਆ, ਭ੍ਰਿਸ਼ਟਾਚਾਰ, ਕਰਮ ਕਾਂਡ ਤੇ ਸਮਾਜਿਕ ਕੁਰੀਤੀਆਂ ਦਾ ਹਰ ਪਾਸੇ ਬੋਲਬਾਲਾ ਸੀ।

ਭਾਰਤ ਦੀ ਗੁਲਾਮੀ ਅਤੇ ਸਮਾਜਿਕ ਗਿਰਾਵਟ ਦੀ ਨੀਂਹ ਤਾਂ ਗੁਰੂ ਨਾਨਕ ਦੇ ਜਨਮ ਤੋਂ ਬਹੁਤ ਪਹਿਲਾਂ (ਲੱਗਭੱਗ 1500 ਪੂਰਵ ਇਸਵੀ) ਆਰੀਅਨ ਦੇ ਆਗਮਨ ਨਾਲ ਰੱਖੀ ਜਾ ਚੁੱਕੀ ਸੀ ਪਰ ਇਸਨੂੰ ਬੁੱਧ ਮੱਤ ਦੇ ਉਭਾਰ ਨਾਲ ਤੇ ਫਿਰ ਮਹਾਰਾਜਾ ਅਸ਼ੋਕ ਦੇ ਰਾਜ ਵੇਲੇ ਠੱਲ੍ਹ ਪੈ ਗਈ ਸੀ। ਸਮਰਾਟ ਅਸ਼ੋਕ ਦੇ ਵੰਸ਼ਜ਼ ਬ੍ਰਿਹਿਦਰਥ ਦੇ ਉਸਦੇ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕਰਕੇ ਰਾਜਪਾਟ ਸੰਭਾਲਣ ਨਾਲ ਇਹ ਵਿਵਸਥਾ ਮੁੜ ਬੜੀ ਤੀਬਰਤਾ ਤੇ ਸਖ਼ਤੀ ਨਾਲ ਲਾਗੂ ਕਰਨੀ ਸ਼ੁਰੂ ਕੀਤੀ ਗਈ। ਇਹੀ ਉਹ ਸਮਾਂ ਸੀ ਜਦੋਂ ਭਾਰਤ ਦੇ ਇਤਿਹਾਸ ਦੇ ਸੁਨਹਿਰੀ ਕਾਲ ਨੂੰ ਸਿਆਹ ਕਾਲੇ ਸਮੇਂ ਵਿਚ ਤਬਦੀਲ ਕਰਨ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਘੁੱਗ ਸੁਖੀ ਵੱਸਦੇ ਸਮਾਜ ਵਿਚ ਮੁੜ ਤੋਂ ਵਰਣਾਂ ਅਤੇ ਜਾਤੀਆਂ ਦੀਆਂ ਪੱਕੀਆਂ ਲਕੀਰਾਂ ਖਿੱਚ ਦਿੱਤੀਆਂ ਗਈਆਂ। ਜਾਤੀਆਂ ਦੀਆਂ ਇਹ ਪੱਕੀਆਂ ਲਕੀਰਾਂ ਹੀ ਊਚ-ਨੀਚ, ਛੂਤ-ਅਛੂਤ ਦੀਆਂ ਦੀਵਾਰਾਂ ਬਣ ਕੇ ਸਮਾਜ ਨੂੰ ਹਜ਼ਾਰਾਂ ਟੁਕੜਿਆਂ ਵਿਚ ਵੰਡ ਗਈਆਂ। ਇਹਨਾਂ ਜਾਤੀ ਟੁਕੜਿਆਂ ਨੂੰ 'ਧਾਰਮਿਕ' ਗ੍ਰੰਥਾਂ ਰਾਹੀਂ ਧਰਮ ਅਤੇ ਰੱਬ ਦੇ ਡੰਡੇ ਦੇ ਜ਼ੋਰ ਨਾਲ ਡਰਾ ਧਮਕਾ ਕੇ ਪੱਕਿਆਂ ਤੋਂ ਹੋਰ ਪਕੇਰੇ ਅਤੇ ਪੀਡੇ ਬਣਾਇਆ ਗਿਆ ਜੋ ਇਕ-ਦੂਜੇ ਦੇ ਵਿਰੋਧੀ ਤੇ ਦੁਸ਼ਮਣ ਵੀ ਬਣਦੇ ਚਲੇ ਗਏ। ਇਸ ਸਮਾਜਿਕ ਫੁੱਟ ਦਾ ਬਾਹਰਲੇ ਹਮਲਾਵਰਾਂ ਨੇ ਭਰਪੂਰ ਲਾਭ ਉਠਾਇਆ।

712 ਈ. ਵਿਚ ਮੁਹੰਮਦ ਬਿਨ ਕਾਸਮ ਦੀਆਂ ਮੁੱਠੀ ਭਰ ਫੌਜਾਂ ਨੇ ਸਿੰਧ ਦੇ ਰਾਜੇ ਦਾਹਰ ਨੂੰ ਹਰਾ ਕੇ ਆਪਣੇ ਰਾਜ ਦੀ ਨੀਂਹ ਰੱਖ ਦਿੱਤੀ। ਹਾਰ ਦਾ ਕਾਰਨ ਸੀ ਸਮਾਜ ਵਿਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ, ਲਾਲਚ, ਗਦਾਰਪੁਣਾ ਅਤੇ ਜਾਤੀ ਵੰਡ। ਆਮ ਲੋਕਾਂ ਵਿਚ ਵਹਿਮ ਸੀ ਕਿ ਲੜਾਈ ਦੌਰਾਨ ਜੇ ਮੰਦਰ ਦਾ ਝੰਡਾ ਡਿੱਗ ਪਵੇ ਤਾਂ ਹਾਰ ਨਿਸ਼ਚਿਤ ਹੈ। ਮੰਦਰ ਦੇ ਪੁਜਾਰੀ ਨੇ ਮੁਹੰਮਦ ਬਿਨ ਕਾਸਮ ਤੋਂ ਰਿਸ਼ਵਤ ਲੈ ਕੇ ਝੰਡਾ ਗਿਰਾ ਦਿੱਤਾ ਤਾਂ ਦਾਹਰ ਦੀਆਂ ਫੌਜਾਂ ਵਿਚ ਹਫੜਾ ਦਫੜੀ ਮੱਚ ਗਈ ਜੋ ਹਾਰ ਦਾ ਕਾਰਨ ਬਣੀ। ਇਸ ਤੋਂ ਬਾਅਦ ਤਾਂ ਹਮਲੇ ਤੋਂ ਬਾਅਦ ਹਮਲਾ ਹੁੰਦਾ ਗਿਆ। 1026 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਗੁਜਰਾਤ ਦੇ ਸੋਮਨਾਥ ਮੰਦਰ 8ਤੇ ਹਮਲਾ ਕਰਕੇ ਹੀਰੇ, ਜਵਾਹਰਾਤ, ਸੋਨਾ, ਚਾਂਦੀ ਲੁੱਟੇ ਅਤੇ ਔਰਤਾਂ ਨੂੰ ਵੀ ਚੁੱਕ ਲਿਆ ਗਿਆ। ਉਸਨੇ ਲਗਾਤਾਰ ਕਈ ਹਮਲੇ ਇਸ ਤਰ੍ਹਾਂ ਦੇ ਕੀਤੇ ਪਰ ਉਸਨੂੰ ਰੋਕਣ ਵਾਲਾ ਕੋਈ ਨਹੀਂ ਸੀ। ਇਸਦਾ ਕਾਰਨ ਵੀ ਵਰਣ ਵੰਡ ਸੀ, ਜਿਸ ਅਧੀਨ ਲੜਾਈ ਕਰਨ ਅਤੇ ਹਥਿਆਰ ਰੱਖਣ ਦਾ ਅਧਿਕਾਰ ਸਿਰਫ ਕਸ਼ੱਤਰੀ ਨੂੰ ਹੀ ਸੀ। ਆਮ ਲੋਕੀ ਧਾੜਵੀਆਂ ਨੂੰ ਲੁੱਟ ਕੇ ਜਾਂਦਿਆਂ ਨੂੰ ਖੇਤਾਂ ਖਲਿਆਨਾਂ ਵਿਚੋਂ ਕੰਮ ਕਰਦਿਆਂ ਵੇਖਦੇ ਰਹਿੰਦੇ ਪਰ ਕਰ ਕੁਝ ਨਹੀਂ ਸੀ ਸਕਦੇ। ਜੇ ਉਹਨਾਂ ਨੂੰ ਵੀ ਹਥਿਆਰ ਵਰਤਣ ਦਾ ਅਧਿਕਾਰ ਹੁੰਦਾ ਤਾਂ ਉਹ ਡੰਡੇ ਸੋਟਿਆਂ ਅਤੇ ਪੱਥਰ ਢੀਂਗਾਂ ਮਾਰ ਮਾਰ ਕੇ ਹੀ ਹਮਲਾਵਰਾਂ ਨੂੰ ਭਜਾ ਸਕਦੇ ਸੀ। ਉਧਰ ਧਾਰਮਿਕਤਾ ਦਾ ਇਹ ਹਾਲ ਸੀ ਕਿ ਹਮਲਿਆਂ ਦਾ ਜਵਾਬ ਮੰਦਰਾਂ ਵਿਚ ਪੂਜਾ ਕਰਕੇ ਜਾਂ ਹਮਲਾਵਰਾਂ ਦੇ ਰਾਹ ਵਿਚ ਗਊਆਂ ਛੱਡ ਕੇ ਦਿੱਤਾ ਜਾਂਦਾ ਸੀ, ਫਿਰ ਜਿੱਤ ਕਿਵੇਂ ਹਾਸਲ ਹੋ ਸਕਦੀ ਸੀ?

ਇਸ ਤੋਂ ਬਾਅਦ ਗੁਲਾਮ ਵੰਸ਼, ਖਿਲਜੀ ਵੰਸ਼, ਤੁਗਲਕ ਵੰਸ਼ ਤੇ ਲੋਧੀ ਵੰਸ਼ ਆਉਂਦੇ ਗਏ, ਰਾਜ ਕਰਦੇ ਰਹੇ ਤੇ ਲੁੱਟ ਮਚਾਉਂਦੇ ਰਹੇ। ਗੁਰੂ ਨਾਨਕ ਦੇ ਜਨਮ ਸਮੇਂ ਬਹਿਲੋਲ ਖਾਂ ਲੋਧੀ ਦਾ ਰਾਜ ਸੀ ਜੋ 1450 ਤੋਂ 1489 ਤੱਕ ਰਿਹਾ। ਫਿਰ 1526 ਵਿਚ ਆਖਰੀ ਲੋਧੀ ਇਬਰਾਹੀਮ ਨੂੰ ਬਾਬਰ ਵੱਲੋਂ ਮਾਰ ਕੇ ਆਪਣਾ ਰਾਜ ਸਥਾਪਤ ਕੀਤਾ ਗਿਆ। ਉਸ ਵੇਲੇ ਗੁਰੂ ਨਾਨਕ 57 ਸਾਲਾਂ ਦੇ ਸਨ ਤੇ ਖੂਬ ਪ੍ਰਚਾਰ ਵਿਚ ਜੁਟੇ ਹੋਏ ਸਨ। ਬਾਬਰ ਦੇ ਕਤਲੇਆਮ ਅਤੇ ਨਾਕਸ ਰਾਜਕੀ ਪ੍ਰਬੰਧਕਾਂ ਦਾ ਉਹਨਾਂ ਨੇ ਆਪਣੀ 'ਬਾਬਰਵਾਣੀ' ਵਿਚ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ ਅਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜ਼ੋਰੀ ਮੰਗੇ ਦਾਨ ਵੇ ਲਾਲੋ' ਆਖ ਕੇ ਬਾਬਰ ਦੀਆਂ ਫੌਜਾਂ ਨੂੰ ਪਾਪ ਕੀ ਜੰਞ ਆਖਿਆ। ਇਹਨਾਂ ਸਥਿਤੀਆਂ ਵਿਚ 'ਰੱਬ' ਨੂੰ ਵੀ ਨਹੀਂ ਬਖਸ਼ਿਆ ਗਿਆ ਤੇ ਉਹਨਾਂ ਨੇ ਇਹ ਆਖ ਕੇ ਤਾਅਨਾ ਕਸਿਆ ਕਿ 'ਏਤਿ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨਾ ਆਇਆ।' ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਗੁਰੂ ਨਾਨਕ ਦੀ ਇਸ ਲਲਕਾਰ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਗਰਦਾਨਿਆ ਹੈ।

ਦੂਜੇ ਪਾਸੇ ਨਾਲ ਹੀ ਬ੍ਰਾਹਮਣਵਾਦ ਵੱਲੋਂ ਰੱਬ, ਆਤਮਾ, ਸਵਰਗ, ਨਰਕ, ਜੂਨਾਂ ਦੇ ਗੇੜ, ਗ੍ਰਹਿਆਂ ਦੇ ਚੱਕਰ, ਮੰਤਰ, ਧਾਗੇ, ਤਵੀਤ, ਟੂਣੇ ਆਦਿ ਦੇ ਡਰਾਵਿਆਂ ਨਾਲ ਲੋਕਾਈ ਨੂੰ ਕੁਰਾਹੇ ਪਾ ਕੇ ਲੁੱਟਿਆ-ਖਸੁੱਟਿਆ ਜਾ ਰਿਹਾ ਸੀ। ਤਰ੍ਹਾਂ-ਤਰ੍ਹਾਂ ਦੇ ਕਰਮ ਕਾਂਡ, ਕਰਾਮਾਤਾਂ, ਰਿੱਧੀਆਂ, ਸਿੱਧੀਆਂ, ਜੋਤਿਸ਼ ਆਦਿ ਨਾਲ ਲੋਕਾਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਸੀ। ਵਰਣ ਵੰਡ ਵਿਚ ਸਭ ਤੋਂ ਹੇਠਲੇ ਸ਼ੂਦਰ ਉਤੇ ਤਰ੍ਹਾਂ-ਤਰ੍ਹਾਂ ਦੇ ਅੱਤਿਆਚਾਰ ਹੁੰਦੇ ਸਨ। ਉਹਨਾਂ ਨੂੰ ਤਾਂ ਕੀੜੇ ਤੋਂ ਵੱਧ ਕੁਝ ਨਹੀਂ ਸੀ ਸਮਝਿਆ ਜਾਂਦਾ। ਇਸਤਰੀ ਦੀ ਕੋਈ ਇੱਜ਼ਤ ਨਹੀਂ ਸੀ। ਉਸਨੂੰ ਪੈਰ ਦੀ ਜੁੱਤੀ, ਕੁਲੱਛਣੀ, ਗੁੱਤ ਪਿੱਛੇ ਮੱਤ, ਕੁਲਟਾ ਆਦਿ ਦੇ ਨਾਵਾਂ ਨਾਲ ਨਿਵਾਜਿਆ ਜਾਂਦਾ ਸੀ। ਪਤੀ ਦੀ ਮੌਤ ਹੋ ਜਾਣ ਤੇ ਉਸਨੂੰ ਵੀ ਚਿਤਾ ਵਿਚ ਜਲਾ ਕੇ ਸਤੀ ਹੋਣਾ ਪੈਂਦਾ ਸੀ। ਉਸ ਲਈ ਵਿਧਵਾ ਵਿਆਹ ਦੀ ਆਗਿਆ ਨਹੀਂ ਸੀ। ਮਹਾਂਕਵੀ ਤੁਲਸੀ ਦਾਸ ਨੇ ਤਾਂ 'ਢੋਲ, ਗੰਵਾਰ, ਸ਼ੂਦਰ, ਪਸ਼ੂ, ਨਾਰੀ, ਯੇ ਸਭ ਤਾੜਨ ਕੇ ਅਧਿਕਾਰੀ' ਆਖ ਕੇ ਸ਼ੂਦਰ ਐ ਔਰਤ ਨੂੰ ਪਸ਼ੂਆਂ ਬਰਾਬਰ ਹੀ ਮੰਨਿਆ ਹੈ। ਇਸ ਸਭ ਕੁਝ ਨੇ ਮਿਲ ਕੇ ਸਮਾਜ ਵਿਚ ਉਹ ਅੰਧਕਾਰ, ਹਨੇਰਾ, ਧੁੰਦ ਫੈਲਾਈ ਹੋਈ ਸੀ, ਜਿਸਦਾ ਜ਼ਿਕਰ ਭਾਈ ਗੁਰਦਾਸ ਨੇ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜੱਗ ਚਾਨਣ ਹੋਆ' ਵਿਚ ਕੀਤਾ ਹੈ। ਗੁਰੂ ਨਾਨਕ ਇਸੇ ਹਨੇਰੇ ਨੂੰ ਗਿਆਨ ਦੇ ਚਾਨਣ ਨਾਲ ਦੂਰ ਕਰਨ ਲਈ ਦੇਸ਼-ਦੇਸ਼ਾਂਤਰਾਂ ਵਿਚ ਚਾਰੇ ਪਾਸੇ ਲੰਮੀਆਂ ਯਾਤਰਾਵਾਂ (ਉਦਾਸੀਆਂ) ਕਰਨ ਲਈ ਉੱਠ ਤੁਰੇ, ਜਿਸਨੂੰ ਭਾਈ ਗੁਰਦਾਸ ਨੇ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਆਖਿਆ ਹੈ।

### ਗੁਰੂ ਨਾਨਕ ਦਾ ਫਲਸਫਾ

ਗੁਰੂ ਨਾਨਕ ਨੇ ਸਮਾਜ ਵਿਚ ਫੈਲੇ ਅੰਧਕਾਰ ਦਾ ਗੰਭੀਰਤਾ ਨਾਲ ਅਧਿਐਨ ਕਤਾ ਅਤੇ ਜੋ ਕੁਝ ਵੀ ਗਲਤ ਦਿੱਸਿਆ ਉਸਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਸਭ ਤੋਂ ਵੱਡੇ ਸਮਾਜਿਕ ਕੋਹੜ ਜਾਤਪਾਤੀ ਵਖਰੇਵੇਂ ਦਾ ਫਾਹਾ ਵੱਢਣ ਲਈ ਅਤੇ ਸ਼ੂਦਰਾਂ, ਅਛੂਤਾਂ, ਨੀਚਾਂ ਨਾਲ ਹੁੰਦੇ ਦੁਰਵਿਹਾਰ ਅਤੇ ਅੱਤਿਆਚਾਰਾਂ ਨੂੰ ਠੱਲ੍ਹਣ ਲਈ ਉਹ ਨੀਚਾਂ ਦੀ ਹਮਾਇਤ ਵਿਚ ਨਾਲ ਖਲੋਏ:-

ਨੀਚਾਂ ਅੰਦਰ ਨੀਚ ਜਾਤ, ਨੀਚੀ ਹੂੰ ਅਤਿ ਨੀਚ।
ਨਾਨਕ ਤਿਨਕੇ ਸੰਗ ਸਾਥ, ਵਡਿਆਂ ਸਿਉਂ ਕਿਆ ਰੀਸ।
ਜਿਥੇ ਨੀਚ ਸਮਾਲੀਅਨ, ਤਿਥੇ ਨਦਰਿ ਤੇਰੀ ਬਖਸ਼ੀਸ਼।

ਕਿਉਂਕਿ ਗੁਰੂ ਨਾਨਕ ਦਾ ਫਲਸਫਾ ਸਮਾਜਿਕ ਬਰਾਬਰਤਾ ਦਾ ਸੀ, ਸਾਂਝੀਵਾਲਤਾ ਦਾ ਸੀ, ਸਰਬੱਤ ਦੇ ਭਲੇ ਦਾ ਸੀ ਫਿਰ ਉਹ ਔਰਤ ਜੋ ਕਿ ਕੁੱਲ ਵੱਸੋਂ ਦਾ ਅੱਧ ਹੈ, ਉਸਨੂੰ ਕਿਵੇਂ ਅੱਖੋਂ-ਓਹਲੇ ਕਰ ਸਕਦੇ ਸਨ? ਉਸਦੀ ਕਰੁਣਾਮਈ ਹਾਲਤ ਤੋਂ ਉਹ ਬਹੁਤ ਵਿਆਕੁਲ ਹੋਏ। ਉਹਨਾਂ ਦਾ ਪੂਰਾ ਸ਼ਬਦ ਇਸਤਰੀ ਜਾਤੀ ਨੂੰ ਸਮਰਪਿਤ ਹੈ, ਜਿਸ ਵਿਚ ਉਹ ਦੱਸਦੇ ਹਨ ਕਿ ਔਰਤ ਦੀ ਕੁੱਖੋਂ ਜਨਮ ਲਿਆ ਜਾਂਦਾ ਹੈ, ਉਸ ਨਾਲ ਵਿਆਹ ਕੀਤਾ ਜਾਂਦਾ ਹੈ, ਦੋਸਤੀ ਕੀਤੀ ਜਾਂਦੀ ਹੈ, ਉਸਦਾ ਦੁੱਧ ਪੀ ਕੇ ਜੀਵਨ ਪਾਇਆ ਜਾਂਦਾ ਹੈ ਤਾਂ ਫਿਰ ਇਹ ਰਾਜਿਆਂ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਮਾੜੀ ਕਿਵੇਂ ਹੋ ਗਈ-

'ਸੋ ਕਿਉਂ ਮੰਦਾ ਆਖਿਐ ਜਿਤ ਜੰਮਹਿ ਰਾਜਾਨ'

ਗੁਰੂ ਜੀ ਹੱਥੀਂ ਕਿਰਤ ਕਰਨ 'ਤੇ ਬਹੁਤ ਜ਼ੋਰ ਦਿੰਦੇ ਸਨ। ਲੁੱਟ ਖੋਹ, ਧੋਖਾ ਜਾਂ ਪਾਪ ਕਰਕੇ ਕਮਾਉਣ ਖਾਣ ਨੂੰ ਉਹ ਪੂਰੀ ਤਰ੍ਹਾਂ ਨਕਾਰਦੇ ਹਨ। ਕਿਸੇ ਦਾ ਹੱਕ ਮਾਰ ਕੇ ਖਾਣ ਨੂੰ ਉਹ ਹਿੰਦੂ ਲਈ ਗਾਂ ਖਾਣ ਬਰਾਬਰ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਮੰਨਦੇ ਸਨ:6

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
'ਘਾਲਿ ਖਾਇ ਕਿਛੁ ਹਥੋਂ ਦੇਹਿ, ਨਾਨਕ ਰਾਹ ਪਛਾਣਹਿ ਸੇਇ
ਬਾਬਾ ਆਖੇ ਹਾਜੀਆ, ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ
ਹਿੰਦੂ ਮੁਸਲਮਾਨ ਦੋਇ, ਦਰਗਾਹ ਅੰਦਰ ਲੈਣ ਨਾ ਢੋਈ।

ਇਸੇ ਤਰ੍ਹਾਂ ਗਲਤ ਤਰੀਕਿਆਂ ਨਾਲ ਮਾਇਆ ਇਕੱਤਰ ਕਰਨ ਨੂੰ ਪਾਪ ਆਖਿਆ ਗਿਆ ਹੈ-

ਪਾਪਾਂ ਬਾਝਹੁ ਹੋਵੈ ਨਾਹਿ, ਮੋਇਆਂ ਸਾਥਿ ਨਾ ਜਾਈ।

ਗੁਰੂ ਨਾਨਕ ਦੇ ਫ਼ਲਸਫ਼ੇ ਦੀ ਖਾਸ ਗੱਲ ਇਹ ਹੈ ਕਿ ਇਹ ਵਿਗਿਆਨਕ ਸਚਾਈ ਉਤੇ ਅਧਾਰਿਤ ਹੈ। ਉਹਨਾਂ ਨੇ ਸਾਰੇ ਪਾਖੰਡਾਂ ਨੂੰ ਛੱਡਣ ਲਈ 'ਛੋਡੀਲੈ ਪਾਖੰਡਾ' ਆਖਿਆ। ਉਹਨਾਂ ਵੱਲੋਂ ਪੇਸ਼ ਕੀਤੇ ਸਿਧਾਂਤ ਅੱਜ ਵਿਗਿਆਨੀ 550 ਸਾਲਾਂ ਬਾਅਦ ਸਿੱਧ ਕਰ ਰਹੇ ਹਨ। 'ਧਰਤੀ ਹੋਰ ਪਰੇ ਹੋਰ ਹੋਰ,' ਜਾਂ 'ਕੀਤਾ ਪਸਾਓ ਏਕੋ ਕਵਾਉ' (ਬਿੱਗ ਬੈਂਗ ਸਿਧਾਂਤ) ਵਰਗੇ ਸਿਧਾਂਤ ਵਿਗਿਆਨੀਆਂ ਨੇ ਮੰਨ ਲਏ ਹਨ। ਵਾਤਾਵਰਣ ਸਬੰਧੀ ਵੀ ਉਹਨਾਂ ਦੀ ਸੋਚ ਬਾ-ਕਮਾਲ ਸੀ। ਉਹਨਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ- ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ। ਅੱਜ ਇਹ ਤਿੰਨੇ ਖਤਰੇ ਦੀ ਪੱਧਰ ਤੱਕ ਪਹੁੰਚ ਚੁੱਕੇ ਹਨ ਤੇ ਜੀਵਾਂ ਲਈ ਘਾਤਕ ਬਣੇ ਹੋਏ ਹਨ। ਇਹਨਾਂ ਦੀ ਮਹੱਤਤਾ ਨੂੰ ਸਮਝਦਿਆਂ ਗੁਰੂ ਨਾਨਕ ਦੀ ਸੋਚ ਤੇ ਪਹਿਰਾ ਦਿੱਤਾ ਹੁੰਦਾ ਤਾਂ ਅਸੀਂ ਇਸ ਗੰਭੀਰ ਸੰਕਟ ਤੋਂ ਬਚ ਸਕਦੇ ਸੀ। ਪੰਜਾਬ ਤਾਂ ਰੇਗਿਸਤਾਨ ਦੇ ਕੰਢੇ ਪਹੁੰਚਿਆ ਖੜ੍ਹਾ ਹੈ। ਗੁਰੂ ਨਾਨਕ ਨੇ ਐਵੇਂ ਤਾਂ ਨਹੀਂ ਸੀ ਆਖਿਆ 'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।

ਅੱਜ ਇਕ ਹੋਰ ਸਮਾਜਿਕ ਬੁਰਾਈ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਉਹ ਹੈ 'ਅਸਹਿਣਸ਼ੀਲਤਾ'। ਜਦੋਂ ਕਿ ਗੁਰੂ ਨਾਨਕ ਦੇ ਅਸੂਲ 'ਰੋਸ ਨਾ ਕੀਜੈ ਉਤਰ ਦੀਜੈ' ਅਨੁਸਾਰ ਚਲਿਆ। ਸਵਾਲ-ਜਵਾਬ ਦੇ ਜ਼ਰੀਏ ਅਸੀਂ ਇਸ 'ਤੇ ਕਾਬੂ ਪਾ ਸਕਦੇ ਹਾਂ। ਨਿੱਤ ਦੀ ਮਾਰ ਕੁੱਟ, ਜਾਨੋਂ ਮਾਰ ਦੇਣਾ, ਭੀੜ ਵੱਲੋਂ ਕੋਈ ਗੱਲ ਮਨਾਉਣ ਲਈ ਤਸੀਹੇ ਦੇ ਕੇ ਕੋਹ ਦੇਣਾ ਆਮ ਗੱਲ ਹੋ ਗਈ ਹੈ। ਬਾਬਾ ਨਾਨਕ ਨੇ ਵਿਚਾਰ ਵਟਾਂਦਰੇ ਰਾਹੀਂ ਸੱਜਣ ਠੱਗ, ਵਲੀ ਕੰਧਾਰੀ, ਕੌਡੇ ਰਾਖਸ਼, ਮਲਿਕ ਭਾਗੋ ਆਦਿ ਨੂੰ ਸਿੱਧੇ ਰਾਹ ਪਾਇਆ ਸੀ ਪਰ ਅਸੀਂ ਇਸ ਤੋਂ ਉਲਟ ਚਲਦਿਆਂ ਇਹਨਾਂ ਭਟਕਿਆਂ ਹੋਇਆਂ ਦੀ ਮੁੜ ਸੁਰਜੀਤੀ ਕਰਨ ਦੇ ਰਾਹ ਪਏ ਹੋਏ ਹਾਂ।

ਗੁਰੂ ਨਾਨਕ ਨੇ ਗ੍ਰਹਿਸਥੀ ਜੀਵਨ ਨੂੰ ਉੱਤਮ ਮੰਨਿਆ ਹੈ। ਉਹ ਆਪ ਗ੍ਰਹਿਸਥ ਨਿਭਾਉਂਦੇ ਰਹੇ ਹਨ। ਸਾਰਾ ਕੁਝ ਛੱਡ ਛਡਾ ਕੇ ਜੰਗਲਾਂ ਨੂੰ ਨਹੀਂ ਗਏ। ਮੋਦੀਖਾਨੇ ਨੌਕਰੀ ਕਰਦਿਆਂ, ਖੇਤੀ ਕਰਦਿਆਂ ਉਹਨਾਂ ਗ੍ਰਹਿਸਥੀ ਵੀ ਨਿਭਾਈ ਅਤੇ ਪ੍ਰਚਾਰ ਵੀ ਕੀਤਾ। ਉਹਨਾਂ ਨੇ ਇਸਨੂੰ ਭਾਰ ਬਣਾ ਕੇ ਜਾਂ ਗੁੰਝਲਦਾਰ ਬਣਾ ਕੇ ਜਿਊਣ ਲਈ ਨਹੀਂ ਕਿਹਾ ਸਗੋਂ 'ਹਸੰਦਿਆਂ ਖਿਡੰਦਿਆਂ' ਸਹਿਜ ਅਵਸਥਾ ਵਿਚ ਰਹਿੰਦਿਆਂ ਗ੍ਰਹਿਸਥੀ ਦਾ ਪਾਲਣ ਕਰਨ ਲਈ ਆਖਿਆ ਹੈ।

### ਗੁਰੂ ਨਾਨਕ ਤੋਂ ਬਾਅਦ ਦੇ ਹਾਲਾਤ

ਇਸ ਤਰ੍ਹਾਂ ਅਸੀਂ ਵੇਖਿਆ ਕਿ ਇਤਿਹਾਸਕ ਉਥਲ-ਪੁਥਲ ਅਤੇ ਗੰਭੀਰ ਸਮਾਜਿਕ ਕੁਰੀਤੀਆਂ ਹੀ ਗੁਰੂ ਨਾਨਕ ਦੀ ਕਰਮ ਭੂਮੀ ਬਣੀਆਂ। ਇਹਨਾਂ ਨੂੰ ਸਮਝਦਿਆਂ, ਜੜ੍ਹਾਂ ਤੱਕ ਪਹੁੰਚਦਿਆਂ ਉਹ ਸਚਾਈ ਨੂੰ ਲੱਭ ਲੈਂਦੇ ਸਨ, ਜਿਸ ਨਾਲ ਉਹਨਾਂ ਦੀ ਸਮਾਜਿਕ ਸੂਝ-ਬੂਝ ਹੋਰ ਤਿੱਖੀ ਹੁੰਦੀ ਚਲੀ ਗਈ। ਉਹ ਹੱਡ ਮਾਸ ਦਾ ਹੀ ਇਕ ਸਮਾਜਿਕ ਬੁੱਧੀਜੀਵੀ ਪ੍ਰਾਣੀ ਸੀ, ਜਿਸ ਨੇ ਸਮਾਜ ਵਿਚ ਰਹਿੰਦਿਆਂ ਇਸਨੂੰ ਹੰਢਾਇਆ ਅਤੇ ਸਭ ਕੁਝ ਨੂੰ ਨੀਝ ਲਾ ਕੇ ਤੱਕਿਆ। ਉਹਨਾਂ ਜੋ ਕੁਝ ਕਿਹਾ ਉਹ ਅਮਲ ਕਰਨ ਯੋਗ ਸੀ ਅਤੇ ਕਲਿਆਣਕਾਰੀ ਸੀ। ਉਹ ਖੜਾਵਾਂ ਤੇ ਉੱਡਣ ਵਾਲਾ, ਜਾਂ ਤੇਰਾ ਤੇਰਾ ਆਖ ਕੇ ਮੋਦੀਖਾਨਾ ਲੁਟਾਉਣ ਵਾਲਾ ਕਰਾਮਾਤੀ ਫਕੀਰ ਨਹੀਂ ਸੀ, ਜਿਵੇਂ ਕਿ ਜਨਮ ਸਾਖੀ ਸਹਿਤ ਨੇ ਉਹਨਾਂ ਨੂੰ ਪ੍ਰਚੱਲਿਤ ਕੀਤਾ। ਉਹ ਆਪਣੀ ਵਿਚਾਰਧਾਰਾ ਨੂੰ ਇਕ ਲਹਿਰ ਦਾ ਰੂਪ ਦੇਣਾ ਚਾਹੁੰਦੇ ਸਨ, ਜਿਸਨੂੰ ਬਾਅਦ ਵਿਚ ਦੂਜੇ ਗੁਰੂਆਂ ਵੱਲੋਂ ਅੱਗੇ ਤੋਰਿਆ ਗਿਆ। ਸਮਾਜ ਵਿਰੋਧੀ ਅਤੇ ਸੱਤਾਧਾਰੀ ਸ਼ਕਤੀਆਂ ਨੂੰ ਇਹ ਮਨਜ਼ੂਰ ਨਹੀਂ ਸੀ, ਜਿਸ ਕਰਕੇ ਉਹ ਗਾਹੇ ਬਗਾਹੇ ਟੱਕਰ ਲੈਣ ਦੇ ਰੌਂਅ ਵਿਚ ਰਹਿੰਦੀਆਂ ਸਨ। ਦਸਵੇਂ ਗੁਰੂ ਦੇ ਸਮੇਂ ਤੱਕ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ (1716) ਤੱਕ ਵਿਰੋਧੀ ਇਸ ਲਹਿਰ ਦਾ ਕੁਝ ਨਾ ਵਿਗਾੜ ਸਕੇ, ਭਾਵੇਂ ਅੰਦਰੋਂ ਹੀ ਪ੍ਰਿਥੀ ਚੰਦ, ਦਾਤੂ, ਸ੍ਰੀ ਚੰਦ, ਲਖਮੀ ਚੰਦ, ਬਾਬਾ ਮੋਹਨ, ਮਿਹਰਬਾਨ, ਹਰਿ ਜੀ, ਧੀਰ ਮੱਲ, ਰਾਮ ਰਾਇ ਆਦਿ ਨੂੰ ਮੂਹਰੇ ਕਰਕੇ ਲਹਿਰ ਨੂੰ ਖੋਰਾ ਲਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਵਿਰੋਧਤਾ ਦਾ ਦੌਰ ਹੋਰ ਤਿੱਖਾ ਹੋ ਗਿਆ। ਨਿਰਮਲੇ ਅਤੇ ਉਦਾਸੀ ਸੰਪਰਦਾਵਾਂ ਵੱਲੋਂ ਲਹਿਰ ਦਾ ਰੂਪ ਵਿਗਾੜ ਕੇ ਇਸਦੀ ਦਿਸ਼ਾ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਰ ਇਸਦੇ ਬਚਾਅ ਵਿਚ ਆਏ ਭਾ. ਬਿਨੋਦ ਸਿੰਘ, ਭਾ. ਬਾਜ ਸਿੰਘ, ਭਾ. ਮਨੀ ਸਿੰਘ, ਭਾ. ਤਾਰੂ ਸਿੰਘ, ਭਾ. ਗਰਜਾ ਸਿੰਘ, ਭਾ. ਸ਼ਾਹਬਾਜ ਸਿੰਘ ਵਰਗਿਆਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸ਼ਹੀਦੀਆਂ ਪਾਈਆਂ। ਮਹਾਰਾਜਾ ਰਣਜੀਤ ਸਿੰਘ ਦੇ ਰਾਜ (1790 ਤੋਂ 1939) ਜਿਸਨੂੰ ਸਿੱਖ ਰਾਜ ਦਾ ਨਾਂ ਵੀ ਦਿੱਤਾ ਜਾਂਦਾ ਹੈ, ਇਸ ਵਿਚ ਮਹੰਤਵਾਦ ਨੂੰ ਪਨਪਣ ਦਾ ਬਹੁਤ ਮੌਕਾ ਮਿਲਿਆ ਕਿਉਂਕਿ ਮਹਾਰਾਜਾ ਨੇ ਧਾਰਮਿਕ ਸਥਾਨਾਂ ਦੇ ਨਾਂ ਵੱਡੀਆਂ ਜਗੀਰਾਂ ਲੁਆ ਦਿੱਤੀਆਂ ਸਨ। ਅੰਤਾਂ ਦਾ ਸਿੱਖੀ ਵਿਰੋਧੀ ਸਾਹਿਤ ਰਚਿਆ ਗਿਆ, ਜਿਸ ਵਿਚ ਗੁਰਬਿਲਾਸ ਪਾਤਸ਼ਾਹੀ 6, ਗੁਰਬਿਲਾਸ ਪਾਤਸ਼ਾਹੀ 10, ਬੰਸਾਵਲੀ ਨਾਮਾ, ਪ੍ਰਾਚੀਨ ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਗਰਬ ਗੰਜਨੀ ਆਦਿ ਸ਼ਾਮਲ ਹਨ, ਜਿਸਨੇ ਸਿੱਖੀ ਸਾਹਿਤ ਵਿਚ ਖੋਟ ਰਲਾਉਣ ਦਾ ਕੰਮ ਕੀਤਾ। 1987 ਵਿਚ 'ਦਸਮ ਗ੍ਰੰਥ' ਦੇ ਆਉਣ ਨਾਲ ਰਹਿੰਦੀ ਕਸਰ ਵੀ ਪੂਰੀ ਹੋ ਗਈ। ਗੁਰੂ ਗੋਬਿੰਦ ਸਿੰਘ ਨੂੰ ਪੂਰਾ ਦੁਰਗਾ ਭਗਤ ਬਣਾ ਦਿੱਤਾ ਗਿਆ। 'ਵਾਰ ਦੁਰਗਾ ਕੀ' ਜੋ ਕਿਸੇ ਲੇਖਕ ਨੇ ਦੁਰਗਾ ਦੀ ਬਹਾਦਰੀ ਵਿਚ ਲਿਖੀ ਸੀ, ਉਸਨੂੰ ਬਦਲ ਕੇ 'ਵਾਰ ਸ੍ਰੀ ਭਗਾਉਤੀ ਜੀ ਕੀ ਪਾਤਸ਼ਾਹੀ 10' ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸਨੂੰ ਸ਼ਬਦ ਗੁਰੂ ਕਾ ਦਰਜਾ ਹਾਸਲ ਸੀ, ਉਸਦਾ ਸ਼ਰੀਕ 'ਦਸਮ ਗ੍ਰੰਥ' ਨੂੰ ਬਣਾ ਕੇ ਉਸਦੇ ਬਰਾਬਰ ਸਥਾਪਤ ਕਰ ਦਿੱਤਾ ਗਿਆ। ਇਸਨੂੰ ਅੱਜਕਲ੍ਹ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦਾ ਨਾਂ ਦੇ ਕੇ ਪੰਜ ਤਖਤਾਂ ਵਿਚੋਂ ਦੋ ਤਖਤਾਂ 'ਤੇ ਬਰਾਬਰ 'ਸੁਭਾਇਮਾਨ' ਕਰ ਦਿੱਤਾ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਸਾਰੇ ਗੁਰਦੁਆਰਿਆਂ ਵਿਚ ਵੀ ਇਸਦਾ ਬਰਾਬਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਵੇਗਾ।

1920 ਤੋਂ1925 ਤੱਕ ਸ਼੍ਰੋਮਣੀ ਕਮੇਟੀ ਵੱਲੋਂ ਮਹੰਤਾਂ ਨੂੰ ਗੁਰਦੁਆਰਿਆਂ ਵਿਚੋਂ ਕੱਢਣ ਲਈ 'ਗੁਰਦੁਆਰਾ ਸੁਧਾਰ ਲਹਿਰ' ਚਲਾਈ ਗਈ। ਮਹੰਤਾਂ ਨੂੰ ਕੱਢਣ ਵਿਚ ਕਾਮਯਾਬੀ ਤਾਂ ਮਿਲ ਗਈ ਪਰ ਮਹੰਤਵਾਦ ਅੱਜ ਵੀ ਗੁਰਦੁਆਰਿਆਂ ਵਿਚ ਕਾਇਮ ਹੈ। ਸਗੋਂ ਗੁਰਦੁਆਰਿਆਂ ਵਿਚੋਂ ਨਿਕਲ ਕੇ ਇਸਨੇ ਕਈ ਡੇਰੇ ਸਥਾਪਤ ਕਰ ਲਏ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਰੱਜ ਕੇ ਨੁਕਸਾਨ ਕੀਤਾ। ਸਿੱਖੀ ਦੇ ਇਸ ਸੰਕਟ ਸਮੇਂ ਭਾ. ਗੁਰਮੁਖ ਸਿੰਘ ਅਤੇ ਭਾ. ਦਿੱਤ ਸਿੰਘ ਗਿਆਨੀ ਵੱਲੋਂ ਬਣਾਈ 'ਸਿੰਘ ਸਭਾ ਲਹਿਰ' ਦੀ ਹਿੰਮਤ ਨਾਲ ਕਾਫੀ ਕਾਮਯਾਬੀ ਮਿਲੀ। ਸਾਧੂ ਦਇਆਨੰਦ ਵੱਲੋਂ ਚਲਾਈ 'ਆਰੀਆ ਸਮਾਜ ਲਹਿਰ' ਅਤੇ ਅੰਗਰੇਜ਼ਾਂ ਵੱਲੋਂ ਚਲਾਈ 'ਇਸਾਈ ਮਿਸ਼ਨਰੀ' ਕਾਰਨ ਜੋ ਸਿੱਖ 1881 ਵਿਚ ਮਰਦਮ ਸ਼ੁਮਾਰੀ ਅਨੁਸਾਰ 17 ਲੱਖ ਰਹਿ ਗਏ ਸਨ, ਉਹ 'ਸਿੰਘ ਸਭਾ ਲਹਿਰ' ਦੀ ਕਾਰਗੁਜ਼ਾਰੀ ਕਾਰਨ 1991 ਤੱਕ 21 ਲੱਖ ਤੋਂ ਵੀ ਟੱਪ ਗਏ।

ਗੁਰੂ ਨਾਨਕ ਦੀ ਸਿੱਖੀ 'ਤੇ ਹਮਲੇ ਲਗਾਤਾਰ ਜਾਰੀ ਰਹੇ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਨਾਲ ਇਹ ਹਮਲੇ ਗੁੱਝੇ ਰੂਪ ਵਿਚ ਵੀ ਅਤੇ ਪ੍ਰਤੱਖ ਰੂਪ ਵਿਚ ਵੀ ਸ਼੍ਰੋਮਣੀ ਕਮੇਟੀ ਉਤੇ ਹੋਣੇ ਸ਼ੁਰੂ ਹੋ ਗਏ ਕਿਉਂਕਿ ਇਹ ਸਿੱਖੀ ਦਾ ਧੁਰਾ ਬਣਨ ਜਾ ਰਹੀ ਸੀ। ਇਸਦੇ ਮੁਕਾਬਲੇ ਉਸੇ ਸਾਲ ਤੋਂ ਹੋਰ ਕਈ ਸੰਸਥਾਵਾਂ ਵੀ ਹੋਂਦ ਵਿਚ ਆ ਗਈਆਂ। ਇਹਨਾਂ ਹਮਲਿਆਂ ਨੇ ਸ਼੍ਰੋਮਣੀ ਕਮੇਟੀ ਦੀ ਅਸਲ ਹੋਂਦ ਨੂੰ ਖਤਰੇ ਵਿਚ ਪਾਇਆ ਹੋਇਆ ਹੈ। ਇਹਨਾਂ ਸਮਿਆਂ ਵਿਚ ਸਿੱਖੀ ਸਾਹਿਤ ਦੇ ਖੇਤਰ ਵਿਚ ਡਾ. ਸਾਹਿਬ ਸਿੰਘ ਦੀ ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ, ਭਾਈ ਕਾਰਨ ਸਿੰਘ ਨਾਭਾ ਦੀਆਂ ਕਈ ਪੁਸਤਕਾਂ

**(ਬਾਕੀ ਅਗਲੇ ਸਫੇ 'ਤੇ)**

## ਦਾਸਤਾਨ

ਤੈਨੂੰ ਹੱਸ ਕੇ ਬੁਲਾਈਏ ਕਦੇ ਬੋਲਦਾ ਨਹੀਂ
ਕੀ ਦਿਲ ਵਿਚ ਤੇਰੇ ਘੁੰਡੀ ਖੋਲਦਾ ਨਹੀਂ
ਨਾ ਦੁੱਖ ਸੁੱਖ ਬਹਿ ਕੇ ਕਦੇ ਫੋਲਦਾ ਨਹੀਂ
ਤੈਨੂੰ ਸੱਚੀਆਂ ਸੁਣਾਵਾਂ ਮੈਨੂੰ ਮਿਲੀਆਂ ਸਜ਼ਾਵਾਂ
ਨਾ ਤੂੰ ਮੁੱਲ ਦੀ ਲੜਾਈ ਕਦੇ ਲੈ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।

ਕਾਹਦੀ ਜ਼ਿੰਦਗੀ ਹੈ ਤੂੰ ਤਾਂ ਪੈਸਾ ਮੁੱਖ ਰੱਖਿਆ
ਲੋਕੀ ਵੇਖਦੇ ਤਮਾਸ਼ਾ ਸਾਥੋਂ ਪਾਸਾ ਵੱਟਿਆ
ਅੱਕੀ ਸਤੀ ਨੇ ਸੁਨੇਹਾ ਫਿਰ ਪੇਕੀ ਘੱਲਿਆ
ਕਹਿਣ ਹੋਸ਼ ਨਾ ਟਿਕਾਣੇ ਚੁੱਪ ਵੱਟ ਤੂੰ ਰਕਾਨੇ
ਬੁੱਢੇ ਮਾਪਿਆਂ ਦੀ ਗੱਲ ਲਈ ਸਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।

ਐਸੀ ਝੁੱਲਣੀ ਹਨੇਰੀ ਨਾ ਕੋਈ ਖੜ੍ਹੂ ਹਾਣੀਆ
ਮੈਂ ਵੀ ਸਿਰ ਚੜ੍ਹ ਤੇਰੇ ਫਿਰ ਮਰੂੰ ਹਾਣੀਆ
ਪਿੱਛੋਂ ਜਣਾ ਖਣਾ ਤੇਰੇ ਨਾਲ ਲੜੂ ਹਾਣੀਆ
ਕੁਝ ਸੋਚ ਤੂੰ ਵਿਚਾਰ ਕੋਈ ਸਕੇ ਨਾ ਸਹਾਰ
ਐਵੇਂ ਬਣ ਕੇ ਬੇਗਾਨੀ ਦਾ ਨਾਂ ਬਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।

ਜਿਹੜੇ ਘਰ ਖੁਸ਼ੀ ਹੁੰਦੀ ਲਾਉਂਦੀ ਚਾਰ ਚੰਨ ਵੇ
ਬਹੁਤੀ ਚੰਗੀ ਨਹੀਂ ਲੜਾਈ ਗੱਲ ਮੇਰੀ ਮੰਨ ਵੇ
ਓਟ ਉਤਲੇ ਦੀ ਲੈ ਤੂੰ ਹੋ ਜੂ ਧੰਨ ਧੰਨ ਵੇ
ਆਊ ਘਰ 'ਚ ਬਹਾਰ ਵੱਸੇ ਸੁਖੀ ਪਰਿਵਾਰ
'ਦੇਵ ਘੋਲੀਏ' ਦੇ ਵਾਂਗ ਖੁਸ਼ ਰਹਿ ਮੱਖਣਾ
ਤੈਨੂੰ ਕਿਸੇ ਨਾਲ ਕੀ ਬੱਸ ਆਪਣੀ ਨਿਬੇੜ
ਗੱਲ ਦਿਲ ਵਾਲੀ ਦਿੱਤੀ ਤੈਨੂੰ ਕਹਿ ਮੱਖਣਾ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਬਿਪਰੀ ਸੋਚ ਵਾਲੇ ਗ੍ਰੰਥਾਂ ਨੂੰ ਗੁਰਮਤਿ ਤੋਂ ਨਿਖੇੜਨਾ ਸਮੇ ਦੀ ਵੱਡੀ ਲੋੜ (ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਯੂ ਐਸ ਏ)

*ਵਿਚਾਰ ਆਪੋ-ਆਪਣਾ*

ਪਿਛਲੇ ਦਿਨਾਂ ਤੋਂ ਚਰਚਾ ਵਿੱਚ ਆ ਰਹੇ ਕਵੀ ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ ਗ੍ਰੰਥ ਸਬੰਧੀ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਵਿਚਾਰ ਗੁਰਮਤਿ ਅਨਕੂਲ ਹਨ। ਸੂਰਜ ਪ੍ਰਕਾਸ਼ ਗ੍ਰੰਥ ਉਨ੍ਹਾਂ ਬ੍ਰਾਹਮਣੀ ਸੋਚ ਵਾਲੇ ਗ੍ਰੰਥਾਂ ਵਿੱਚੋਂ ਇੱਕ ਹੈ ਜਿਨਾਂ ਦਾ ਮਨੋਰਥ ਹੌਲੀ-ਹੌਲੀ ਸਿੱਖ ਮਾਨਸਿਕਤਾ ਵਿੱਚ ਕਾਲਪਨਿਕ ਗੈਰਕੁਦਰਤੀ ਅੰਧਵਿਸ਼ਵਾਸੀ ਪੁਰਾਣਿਕ ਕਥਾ ਕਹਾਣੀਆਂ ਦੀ ਤਰਜ ਤੇ ਕਰਮਕਾਂਢਾਂ ਨੂੰ ਭਰਕੇ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਨਿਆਰੀ ਅਤੇ ਯਥਾਰਥਕ ਸੋਚ ਤੋਂ ਦੂਰ ਕਰ ਬਿੱਪਰ ਮਹਾਂਸਾਗਰ ਵਿੱਚ ਡੋਬਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਨਿਆਰੀ ਵਿਚਾਰਧਾਰਾ ਵਿੱਚ ਰਲ਼ਾ ਪਾਉਣ ਲਈ ਬਿਪਰ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਹੀ ਨਹੀਂ ਸਗੋਂ ਬਚਿਤ੍ਰ ਨਾਟਕ, ਬਾਲੇ ਵਾਲੀ ਜਨਮ ਸਾਖੀ ਅਤੇ ਗੁਰ ਬਿਲਾਸ ਪਾਤਸ਼ਾਹੀ ੬ ਆਦਿ ਅਨੇਕਾਂ ਹੀ ਗ੍ਰੰਥਾਂ ਰਾਹੀਂ ਕੋਝਾ ਹਮਲਾ ਕੀਤਾ ਹੈ। ਜਿਵੇਂ ਜਿਵੇਂ ਤੱਤ ਗੁਰਮਤਿ ਦੇ ਪ੍ਰਚਾਰਕ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਪਰਖ ਇਹਨਾਂ ਗ੍ਰੰਥਾਂ ਨੂੰ ਸੰਗਤਾਂ ਸਾਹ-ਮਣੇ ਰੱਖ ਰਹੇ ਹਨ ਤਿਵੇਂ ਤਿਵੇਂ ਸੰਗਤਾਂ ਜਾਗਰੂਕ ਹੋਕੇ ਇਨ੍ਹਾਂ ਗ੍ਰੰਥਾਂ ਕਾਰਨ ਧਾਰਨ ਕੀਤੇ ਥੋਥੇ ਕਰਮਕਾਂਡਾਂ ਨੂੰ ਛੱਡਦੀਆਂ ਜਾ ਰਹੀਆਂ ਹਨ ਜਿਸ ਨੂੰ ਦੇਖ ਦੇਖ ਸੰਗਤਾਂ ਨੂੰ ਕਲਪਨਾਵਾਂ ਵਿੱਚ ਉਲਝਾ, ਮੂਰਖ ਬਣਾ ਕੇ ਆਪਦਾ ਹਲਵਾ-ਮੰਡਾ ਚਲਾ ਰਹੇ ਬਿੱਪਰ ਦਾ ਹਾਲ ਬੁਰਾ ਹੁੰਦਾ ਜਾ ਰਿਹਾ ਹੈ। ਇਹ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ ਸਿੱਖਾਂ ਦੇ ਭਲੇ ਲਈ ਬਣੀਆਂ ਸੰਸਥਾਵਾਂ ਵੀ ਬਿਪਰ ਦੇ ਘੁਸਪੈਠ ਕਾਰਣ ਉਸੇ ਰੰਗ ਵਿਚ ਰੰਗੀਆਂ ਜਾ ਚੁੱਕੀਆਂ ਹਨ ਅਤੇ ਬਿਨਾਂ ਪੜ੍ਹੇ ਅਤੇ ਸਮਝੇ ਪੁਰਾਤਨ ਇਤਿਹਾਸਿਕ ਵਸੀਲਿਆਂ ਦੇ ਨਾਮ ਹੇਠ ਇਨ੍ਹਾਂ ਗ੍ਰੰਥਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਦੇ ਸੇਵਾਦਾਰ ਅਤੇ ਸਮਰਥਕ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਗੁਰਮਤਿ ਵਿਰੋਧੀ ਗ੍ਰੰਥਾਂ ਦੀ ਅਸਲੀਅਤ ਅਤੇ ਮਜਹਬੀ-ਰਾਜਨੀਤਕ ਗੱਠਜੋੜ ਦੀ ਲੁੱਟ ਨੀਤੀ ਹੁਣ ਜੱਗ ਜਾਹਿਰ ਹੋ ਚੁੱਕੀ ਹੈ। ਛੇਕਣ-ਛਕਾਉਣ ਦੇ ਬਰਾਹਮਣੀ ਕਰਮਕਾਂਢਾਂ ਨਾਲ ਵੀ ਸਿੱਖ ਕੌਮ ਵਿੱਚ ਆ ਰਹੀ ਜਾਗਰੂਕਤਾ ਖਤਮ ਨਹੀਂ ਕੀਤੀ ਜਾ ਸਕਦੀ ਉਲਟਾ ਸਦਾ ਵਾਂਗ ਜੱਗ ਹਸਾਈ ਹੀ ਹੋਵੇਗੀ।

ਅਵਤਾਰ ਸਿੰਘ ਮਿਸ਼ਨਰੀ,ਹਰਸਿਮਰਤ ਕੌਰ ਖਾਲਸਾ, ਡਾ ਗੁਰਮੀਤ ਸਿੰਘ ਬਰਸਾਲ, ਸਰਬਜੀਤ ਸਿੰਘ ਸੈਕਰਾਮੈਂਟੋ, ਪ੍ਰੋ ਮੱਖਣ ਸਿੰਘ ਸੈਕਰਾਮੈਂਟੋ, ਬਲਵਿੰਦਰ ਸਿੰਘ ਮਿਸ਼ਨਰੀ, ਬਖਸ਼ੀਸ਼ ਸਿੰਘ ਮਿਸ਼ਨਰੀ, ਜਸਵੰਤ ਸਿੰਘ, ਡਾ ਗੁਰਦੀਪ ਸਿੰਘ, ਜਸਮਿੱਤਰ ਸਿੰਘ ਮੁਜੱਫਰਪੁਰ।

**– ਅਵਤਾਰ ਸਿੰਘ ਮਿਸ਼ਨਰੀ**

# ਸਿਆਟਲ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਮਨਾਇਆ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਬਾਬਾ ਬੁੱਢਾ ਐਸੋਸੀਏਸ਼ਨ ਆਫ ਅਮਰੀਕਾ ਵੱਲੋਂ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਚ ਮਹਾਨ ਗੁਰਸਿੱਖ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਗੁਰੂ ਘਰ ਦੇ ਕਥਾਵਾਚਕ ਗਿਆਨੀ ਸ਼ੇਰ ਸਿੰਘ ਨੇ ਕਥਾ ਰਾਹੀਂ ਅਤੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਜੁਝਾਰ ਸਿੰਘ ਜੀ ਨੇ ਰਸਭਿੰਨਾ ਕੀਰਤਨ ਕਰਕੇ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਅਖੀਰ ਵਿਚ ਭਾਈ ਜਰਨੈਲ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਰਾਹੀਂਗੁਰੂ ਦਾ ਜੱਸ ਗਾਇਨ ਕੀਤਾ। ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂਦੀ ਅਗਵਾਈ ਵਿਚ ਤਿੰਨੇ ਦਿਨ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ ਗਈ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸ਼ੇਰ ਸਿੰਘ ਨੇ ਹਜ਼ੂਰੀ ਰਾਗੀ ਭਾਈ ਜੁਝਾਰ ਸਿੰਘ ਦੇ ਕੀਰਤਨੀ ਜਥੇ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

# ਕਰਮਜੀਤ ਦਿਉਣ ਐਲਨਾਬਾਦ ਦਾ ਗੀਤ ਸੰਗ੍ਰਹਿ "ਪਿਆਜ਼ੀ ਚੁੰਨੀ"

ਗੀਤ ਸੰਗ੍ਰਹਿ ਪਿਆਜ਼ੀ ਚੁੰਨੀ ਕਰਮਜੀਤ ਦਾ ਜਿਸ ਵਿੱਚ 75 ਗੀਤਾਂ ਦਾ ਗੁਲਦਸਤਾ ਹੈ ਅਤੇ ਸਾਰੇ ਗੀਤ ਪਰਿਵਾਰ ਵਿੱਚ ਬੈਠੇ ਕੇ ਸੁਣੇ ਜਾ ਸੱਕਦੇ ਗੀਤਾਂ ਵਿੱਚ ਜਿੰਦਗੀ ਦੇ ਸਾਰੇ ਹੀ ਰੰਗ ਹਨ ਮੁਹੱਬਤ, ਗਿਲੇ ਸ਼ਿਕਵੇ, ਹਾਸੇ ,ਯਾਦਾਂ ਰਿਸ਼ਤੇ ਅਤੇ ਗੀਤਾਂ ਦੀ ਸ਼ਬਦਾਵਲੀ ਬਹੁਤ ਸਰਲ ਹੈ ਪਾਠਕ ਆਪਣੇ ਨਾਲ ਜੋੜ ਕੇ ਰੱਖਦੀ ਹੈ ,ਕਰਮਜੀਤ ਦਿਉਣ ਐਲਨਾਬਾਦ ਪੰਜਾਬੀ ਦੀ ਬਹੁਪੱਖੀ ਸਾਹਿਤਕਾਰ ਹੈ , ਉਸ ਦੀ ਪਲੇਠੀ ਕਾਵਿ ਪੁਸਤਕ "ਚਿੜੀਆਂ ਦੀ ਚਹਿਕ" 2014 'ਚ ਪ੍ਰਕਾਸ਼ਿਤ ਹੋਈ ਸੀ ਪੰਜਾਬੀ ਸਾਹਿਤ ਜਗਤ 'ਚ ਵਿਲੱਖਣ ਸਥਾਨ ਰੱਖਦੀ ਹੈ। ਕਰਮਜੀਤ ਦਿਉਣ ਦੀਆਂ ਕਵਿਤਾਵਾਂ ,ਗੀਤ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੇ ਹੈ ,ਸ਼ਾਇਰਾਂ ਇੱਕ ਮਾਂ,ਪਤਨੀ ਦੇ ਸਾਰੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਆਪਣੇ ਅਧਿਆਪਣ ਦੇ ਕਿੱਤੇ ਨੂੰ ਵੀ ਤਨਦੇਹੀ ਨਾਲ ਸਮਰਪਿਤ ਹੈ ,ਉਹ ਐਫ . ਐਮ .ਰੇਡੀਓ ਦੀ ਐਂਕਰ ਹੈ । ਉਸ ਦੇ ਗੀਤ ਔਰਤ ਦੇ ਮਨ ਦੇ ਵੱਖ ਵੱਖ ਅਵਸਥਾਵਾਂ ਦੇ ਰੰਗ ਬਿਖੇਰਦੇ ਹਨ । ਉਸ ਸ਼ੈਲੀ ਰੁਪਕ ਰਵਾਨਗੀ ਸ਼ਬਦਾਵਲੀ ਅਤੇ ਬਿੰਬ ਕਮਾਲ ਦੇ ਹਨ , ਜਿਹੜੇ ਮਨੁੱਖੀ ਮਨਾਂ ਨੂੰ ਟੁੰਬਦੇ ਹਨ।ਗੀਤ ਸੰਗ੍ਰਹਿ ਪਿਆਜ਼ੀ ਚੁੰਨੀ ਇਨਸਾਨੀ ਜ਼ਿੰਦਗੀ ਦੇ ਹਰ ਵਿਸ਼ੇ ਨੂੰ ਉਨ੍ਹਾਂ ਬਾ ਖ਼ੂਬੀ ਆਪਣੇ ਹਰਫ਼ਾਂ ਵਿੱਚ ਕਲਮ ਵਧ ਕੀਤਾ ਹੈ।ਜਿਨ੍ਹਾਂ ਦਾ ਆਮ ਜਨਤਾ ਦੀ ਬਿਹਤਰੀ ਨਾਲ ਸਿੱਧਾ ਸੰਬੰਧ ਹੈ । ਲੇਖਿਕਾ ਪੰਜਾ-ਬੀਅਤ ਅਤੇ ਪੰਜਾਬੀਆਂ ਪ੍ਰਤੀ ਸੰਵੇਦਨਸ਼ੀਲ ਭਾਵਨਾਵਾਂ ਰੱਖਦੀ ਹੈ ਤਾਂ ਜੋ ਆਮ ਜਨਤਾ ਨੂੰ ਸਮਾਜ ਵਿੱਚ ਬਰਾਬਰ ਦਾ ਦਰਜਾ ਦਿੱਤਾ ਜਾ ਸਕੇ । ਸ਼ਾਇਰਾਂ ਦੀ ਸੂਝ ਦਾ ਦਾਇਰਾ ਵਿਸ਼ਾਲ ਹੈ ਤੇ ਉਸ ਦੀ ਸੁਰਤ ਸਮਾਜ ਦੇ ਹਰ ਹਨੇਰੇ ਕੋਨੇ ਨੂੰ ਫਰੋ-ਲਦੀ -ਟੋਲਦੀ ਹੈ,ਉਹ ਕੂੜ ਅਤੇ ਭਰਿਸ਼ਟ-ਾਚਾਰ ਦੇ ਹਨੇਰੇ ਬਦਲਣ ਦੀ ਗੱਲ ਕਰਦੀ ਹੈ, ਸਵਾਰਥ ਤਿਆਗ ਕੇ ਸਮਾਜਕ ਹਿੱਤਾਂ ਵਾਸਤੇ ਜੀਉਣ ਦਾ ਸੁਨੇਹਾ ਦਿੰਦੀ ਹੈ ਗੀਤ ਸੰਗ੍ਰਹਿ ਪਿਆਜ਼ੀ ਚੁੰਨੀ




ਇਸੇ ਪੁਸਤਕ ਵਿੱਚੋਂ ਮਿੱਠੀਏ ਪੰਜਾਬੀਏ ਇਕ ਗੀਤ

ਮਿੱਠੀਏ ਪੰਜਾਬੀਏ
ਅੱਲੜ ਦੇ ਵਾਂਗ ਰਹੇ ਪੈਂਤੀ ਹੱਸਦੀ ।
ਮੱਲੋਮੱਲੀ ਜਾਵੇ ਦਿਲ ਵਿੱਚ ਵੱਸਦੀ।
ਤੇਰੇ ਨਾਲ ਟੌਹਰ ਮੇਰੀ , ਤੂੰ ਹੀ ਸ਼ਾਨ ਏਂ ।
ਮਿੱਠੀਏ ਪੰਜਾਬੀਏ!ਤੂੰ ਮੇਰੀ ਜਿੰਦਜਾਨ ਏਂ ।
ਮਾਂ ਤੋਂ ਵੀ ਸਿੱਖੀ ਅਧਿਆਪਕਾਂ ਨੇ ਸਿਖਾਈ ।
ਪੜ੍ਹਨੇ ਦੀ ਤੂੰ ਸੀ ਮੈਨੂੰ ਚੇਟਕ ਲਗਾਈ।
ਤੇਰੇ ਕਰਕੇ ਹੀ ਚਿਹਰੇ ਉੱਤੇ ਮੁਸਕਾਨ ਏਂ ।
ਮਿੱਠੀਏ ...
ਮੇਰੇ ਚਾਰੇ ਪਾਸੇ ਤੂੰ ਹੀ ਛਾਈ ਨੀ ਪੰਜਾਬੀਏ ।
ਰੰਗੀ ਤੇਰੇ ਰੰਗ ਲੁਕਾਈ ਨੀ ਪੰਜਾਬੀਏ।
ਤੇਰਾ ਮੇਰੇ ਉੱਤੇ ਬੜਾ ਵੱਡਾ ਅਹਿਸਾਨ ਏ।
ਮਿੱਠੀਏ........
"ਕਰਮ" ਕਵਿਤਾ ਤੇ ਗੀਤ ਰਹੇ ਸਦਾ ਲਿਖਦੀ ।
ਗ਼ਜ਼ਲ ਦੀ ਹਾਲੇ ਉਹ ਤਕਨੀਕ ਸਿੱਖਦੀ।
ਤੇਰਾ ਖਿਆਲ ਸਦਾ ਤੇਰਾ ਹੀ ਧਿਆਨ ਏ ।
ਮਿੱਠੀਏ ...

ਇਸ ਤੋਂ ਸਾਫ ਜਾਹਰ ਹੈ ਕਿ ਕਵਿਤਰੀ ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਪ੍ਰਤੀ ਸੰਵੇਦਨਸ਼ੀਲ ਭਾਵਨਾਵਾਂ ਰੱਖਦੀ ਹੈ ਤਾਂ ਜੋ ਆਮ ਜਨਤਾ ਨੂੰ ਸਮਾਜ ਵਿਚ ਬਰਾਬਰ ਦਾ ਦਰਜਾ ਦਿੱਤਾ ਜਾ ਸਕੇ। ਭਵਿਖ ਵਿਚ ਸੰਜੀਦਾ ਕਵਿਤਰੀ ਤੋਂ ਹੋਰ ਬਿਹਤਰ ਸਾਹਿਤਕ ਯੋਗਦਾਨ ਦੀ ਆਸ ਕੀਤੀ ਜਾ ਸਕਦੀ ਹੈ।ਪੰਜਾਬੀ ਸਾਹਿਤ ਦੇ ਅੰਬਰ ਵਿੱਚ ਉਸ ਦੀ ਇਹ ਭਰਵੀਂ ਤੇ ਮਨਮੋਹਕ ਉਡਾਣ ਦਸਦੀ ਹੈ ਕਿ ਉਹ ਜਲਦੀ ਹੀ ਸਾਹਿਤ ਗਗਨ ਵਿੱਚ ਆਪਣੇ ਹਿੱਸੇ ਦਾ ਆਕਾਸ਼ ਮੱਲ ਲਵੇਗੀ।

ਮੈਂ ਉਸ ਦੀ ਗੀਤ ਸੰਗ੍ਰਹਿ "ਪਿਆਜ਼ੀ ਚੁੰਨੀ" ਦੀ ਆਮਦ ਤੇ ਉਸ ਨੂੰ ਵਧਾਈ ਦਿੰਦੀ ਹੋਈ ਦਿਲੋਂ ਖੁਸ਼ੀ ਮਹਿਸੂਸ ਕਰ ਰਹੀ ਹਾਂ।



**ਅਰਵਿੰਦਰ ਸੰਧੂ**

# ਗੁਰੂ ਨਾਨਕ ਦਾ ਫਲਸਫਾ ਅਤੇ ਅਸੀਂ

ਖਾਸ ਕਰਕੇ 'ਮਹਾਨ ਕੋਸ਼', ਭਾਈ ਤੇਜਾ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਗੰਡਾ ਸਿੰਘ ਦੀ ਖੋਜ ਨੇ ਵਡਮੁੱਲਾ ਯੋਗਦਾਨ ਪਾਇਆ। ਇਸੇ ਤਰ੍ਹਾਂ ਸ. ਗੁਰਬਖਸ਼ ਸਿੰਘ ਕਾਲਾ ਅਫਗਾਨਾ ਦਾ ਸਿੱਖੀ ਸਾਹਿਤ, ਡਾ. ਸੰਗਤ ਸਿੰਘ ਅਤੇ ਡਾ. ਹਰਜਿੰਦਰ ਸਿੰਘ ਦਲਗੀਰ ਵਰਗਿਆਂ ਦੇ ਸਿੱਖ ਇਤਿਹਾਸ ਅਤੇ ਖੋਜੀ ਸਾਹਿਤ ਨੇ ਸਿੱਖੀ ਨੂੰ ਬਚਾਉਣ ਲਈ ਵਧੀਆ ਕੰਮ ਕੀਤਾ ਹੈ। ਪ੍ਰੋ. ਇੰਦਰ ਸਿੰਘ ਘੱਗਾ, ਪ੍ਰੋ. ਸਰਬਜੀਤ ਸਿੰਘ ਧੂੰਦਾ ਸਮੇਤ ਕਈ ਲੇਖਕ ਅਤੇ ਪ੍ਰਚਾਰਕ ਅਤੇ ਸ. ਜੁਗਿੰਦਰ ਸਿੰਘ ਦੀ ਸਪੋਕਸਮੈਨ ਲਹਿਰ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਸਲ ਰੂਪ ਵਿਚ ਬਚਾਉਣ ਲਈ ਸ਼ਲਾਘਾਯੋਗ ਕੰਮ ਕਰ ਰਹੇ ਹਨ। ਦੂਜੇ ਪਾਸੇ ਭਾਵੇਂ ਸਖ਼ਤ ਚਟਾਨ ਹੈ ਪਰ ਇਸਨੂੰ ਸਰ ਕਰਨਾ ਅਸੰਭਵ ਨਹੀਂ ਮੁਸ਼ਕਿਲ ਜ਼ਰੂਰ ਹੈ।

### ਅਜੋਕੀ ਸਥਿਤੀ ਦੀ ਗੰਭੀਰਤਾ

ਅੱਜ ਟੀ. ਵੀ. ਅਖਬਾਰਾਂ ਅਤੇ ਸੋਸ਼ਲ ਮੀਡੀਆ ਦਾ ਯੁੱਗ ਹੁੰਦਿਆਂ ਵੀ ਜਦੋਂ ਬਾਬਾ ਨਾਨਕ ਦੀ ਵਿਚਾਰਧਾਰਾ ਦੇ ਸੰਦਰਭ ਵਿਚ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਧਿਆਨ ਮਾਰੀਏ ਤਾਂ ਸਥਿਤੀ ਬੜੀ ਗੰਭੀਰ ਅਤੇ ਚਿੰਤਾਜਨਕ ਨਜ਼ਰ ਆਉਂਦੀ ਹੈ। ਹਰ ਥਾਂ ਬ੍ਰਾਹਮਣਵਾਦ ਕਬਜ਼ਾ ਕਰੀ ਬੈਠਾ ਹੈ। ਆਮ ਸਿੱਖ ਲਈ ਤਾਂ ਮੁਸ਼ਕਿਲ ਹੋਇਆ ਪਿਆ ਹੈ ਕਿ ਉਹ ਅੱਜ ਦੇ ਹਾਲਾਤ ਵਿਚੋਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਨਿਖੇੜੇ ਵੀ ਤਾਂ ਕਿਵੇਂ ਨਿਖੇੜੇ? ਗੁਰਦੁਆਰਿਆਂ ਵਿਚ ਸ਼ਿਵਲਿੰਗ ਵਾਂਗ ਫਰਸ਼ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ। ਸੰਗਰਾਂਦ, ਪੂਰਨਮਾਸ਼ੀ, ਮੱਸਿਆ, ਚੌਦਾਂ ਆਦਿ ਨੂੰ ਵੱਧ ਚੜ੍ਹ ਕੇ ਮਨਾਇਆ ਜਾਂਦਾ ਹੈ, ਜਦੋਂ ਕਿ ਸਿੱਖੀ ਦਾ ਇਹਨਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਗੁਰੂਆਂ ਦੀਆਂ ਤਸਵੀਰਾਂ ਨੂੰ ਮੂਰਤੀ ਪੂਜਾ ਵਾਂਗ ਧੂਫ ਬੱਤੀ ਕੀਤੀ ਜਾਂਦੀ ਹੈ, ਜੋਤਾਂ ਜਗਾਈਆਂ ਜਾਂਦੀਆਂ ਹਨ, ਮੱਥੇ ਟੇਕੇ ਜਾਂਦੇ ਹਨ, ਸੁੱਖਣਾਂ ਸੁੱਖੀਆਂ ਜਾਂਦੀਆਂ ਹਨ। ਬਿਨਾਂ ਅਰਥ ਸਮਝਿਆਂ ਮੰਤਰਾਂ ਵਾਂਗ ਤੋਤਾ ਰਟਨ ਕਰਕੇ ਪਾਠ ਅਤੇ ਸੰਪਟ ਪਾਠ ਕੀਤੇ ਜਾ ਰਹੇ ਹਨ। ਗ੍ਰੰਥ ਸਾਹਿਬ ਨੂੰ ਮੌਸਮ ਅਨੁਸਾਰ ਗਰਮ, ਸਰਦ ਵਸਤਰਾਂ ਵਿਚ ਵਲੇਟਿਆ ਜਾਂਦਾ ਹੈ। ਮੁੱਠੀ ਚਾਪੀ ਕੀਤੀ ਜਾਂਦੀ ਹੈ, ਸੈਰ ਕਰਵਾਈ ਜਾਂਦੀ ਹੈ। ਪਾਠ ਵੇਲੇ ਕਿਸੇ ਹਵਨ ਵਾਂਗ ਨਾਰੀਅਲ, ਕੁੰਭ ਆਦਿ ਸਮੱਗਰੀ ਰੱਖੀ ਜਾਂਦੀ ਹੈ। ਗੁੱਟਾਂ 'ਤੇ ਗਾਨੇ ਅਤੇ ਧਾਗੇ ਤਵੀਤ ਬੰਨ੍ਹੇ ਜਾਂਦੇ ਹਨ। ਕਬਰਾਂ ਤੇ ਦੀਵੇ ਬਾਲੇ ਜਾਂਦੇ ਹਨ, ਸ਼ਨਿਚਰਵਾਰ ਨੂੰ ਲੋਹਾ ਅਤੇ ਸਰ੍ਹੋਂ ਦਾ ਤੇਲ ਚੜ੍ਹਾਇਆ ਜਾਂਦਾ ਹੈ। ਗ੍ਰੰਥ ਸਾਹਿਬ ਅੱਗੇ ਖਾਣੇ ਦੀ ਥਾਲੀ ਰੱਖ ਕੇ ਭੋਗ ਲਵਾਇਆ ਜਾਂਦਾ ਹੈ। ਤੀਰਥ ਇਸ਼ਨਾਨ, ਸ਼ਰਾਧ ਕਰਨੇ, ਸਾਹੇ ਕਢਵਾਉਣੇ, ਕਰਵਾ ਚੌਥ, ਰੱਖੜੀਆਂ, ਲੋਹੜੀ ਆਦਿ ਮਨਾਉਣੀ ਕੁਝ ਵੀ ਤਾਂ ਸਿੱਖੀ ਅਸੂਲਾਂ ਦੇ ਅਨੁਸਾਰ ਨਹੀਂ ਹੈ ਪਰ ਫਿਰ ਵੀ ਪੂਰੀ ਸ਼ਿੱਦਤ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਹੋਰ ਕੀ ਕੀ ਹੋ ਰਿਹਾ ਹੈ, ਗਿਣਿਆ ਵੀ ਨਹੀਂ ਜਾ ਸਕਦਾ। ਅੱਜ ਜੇ ਗੁਰੂ ਨਾਨਕ ਕਿਤੇ ਆ ਕੇ ਇਹ ਸਾਰਾ ਆਡੰਬਰ ਵੇਖਣ ਤਾਂ ਉਹਨਾਂ ਲਈ ਵੀ ਆਪਣੇ ਵੱਲੋਂ ਤੋਰੇ ਰਾਹ ਦਾ ਨਿਖੇੜਾ ਕਰਨਾ ਮੁਸ਼ਕਿਲ ਹੋਵੇਗਾ। ਹੁਣ ਅਸੀਂ ਨਵੰਬਰ 2019 ਵਿਚ ਸਿੱਖੀ ਦੀ ਚੜ੍ਹਦੀ ਕਲਾ ਦਾ ਝੂਠਾ ਜਿਹਾ ਵਿਖਾਵਾ ਕਰਦਿਆਂ ਗੁਰੂ ਨਾਨਕ ਦਾ 550ਵਾਂ ਜਨਮ ਦਿਨ ਬੜੀ ਧੂੰਮ-ਧਾਮ ਨਾਲ ਮਨਾਉਣ ਜਾ ਰਹੇ ਹਾਂ। ਸਰਕਾਰ ਵੱਲੋਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੇ ਵੱਖਰੇ ਤੌਰ ਤੇ ਵੱਡੀ ਪੱਧਰ 'ਤੇ ਇਹ ਦਿਹਾੜਾ ਮਨਾਇਆ ਜਾਵੇਗਾ। ਸਾਰੇ ਗੁਰਦੁਆਰਿਆਂ ਵਿਚ ਵੀ ਬਹੁਤ ਜ਼ੋਰ ਲਗਾ ਕੇ ਮਨਾਇਆ ਜਾਵੇਗਾ। ਪੂਰੀ ਤਾਕਤ ਅਤੇ ਅਰਬਾਂ ਰੁਪਿਆ ਖਰਚਣ ਦੇ ਬਾਵਜੂਦ ਵੀ ਯਕੀਨਨ ਸਿੱਖੀ ਦਾ ਕੁਝ ਨਹੀਂ ਸੰਵਰੇਗਾ। ਸਿਰਫ ਵੱਡੇ-ਵੱਡੇ ਨਗਰ ਕੀਰਤਨ ਕੱਢੇ ਜਾਣਗੇ, ਵਧੀਆ ਵਧੀਆ ਕੀਰਤਨ ਸਮਾਗਮ ਕਰਵਾਏ ਜਾਣਗੇ ਅਤੇ ਮਹਿੰਗੇ-ਮਹਿੰਗੇ ਲੰਗਰ ਲਾਏ ਜਾਣਗੇ ਪਰ ਲਾਭ? ਕੁਝ ਨਹੀਂ। ਜਨਤਾ ਦਾ ਪੈਸਾ ਫਜ਼ੂਲ ਖਰਚਖੀ ਬਣ ਕੇ ਰਹਿ ਜਾਵੇਗਾ।

ਕਾਸ਼! ਅਸੀਂ ਇਸ ਮੌਕੇ 'ਤੇ ਕੋਈ ਠੋਸ ਕਦਮ 'ਸਰਬਤ ਦੇ ਭਲੇ' ਲਈ ਚੁੱਕਿਆ ਹੁੰਦਾ, ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਦੇ ਪਸਾਰ ਲਈ ਅਤੇ ਗਰੀਬਾਂ ਲਈ ਹਸਪਤਾਲ ਬਣਾਉਣ ਲਈ ਕੁਝ ਕੀਤਾ ਹੁੰਦਾ। ਗੁਰਦੁਆਰਿਆਂ ਵਿਚ ਹੁੰਦੀਆਂ ਮਨਮਤੀਆਂ ਕਾਰਵਾਈਆਂ ਲਈ ਕੁਝ ਕੀਤਾ ਹੁੰਦਾ, ਕਰਮ ਕਾਂਡ ਤੇ ਫੋਕੇ ਰੀਤੀ ਰਿਵਾਜ਼ ਬੰਦ ਕਰਨ ਲਈ ਕੋਈ ਠੋਸ ਰਣਨੀਤੀ ਤਿਆਰ ਕੀਤੀ ਹੁੰਦੀ, ਸਮਾਜ ਵਿਚ ਪ੍ਰਚੱਲਿਤ ਸਭ ਤੋਂ ਭਿਆਨਕ ਬਿਮਾਰੀ ਜਾਤ-ਪਾਤ ਜੋ ਨਾ ਸਿਰਫ ਸਿੱਖ ਸਮਾਜ ਨੂੰ ਖਾ ਰਹੀ ਹੈ ਬਲਕਿ ਦੇਸ਼ ਅਤੇ ਸਮਾਜ ਦੀ ਏਕਤਾ ਨੂੰ ਵੀ ਢਾਹ ਲਾ ਰਹੀ ਹੈ, ਇਸਨੂੰ ਤਿਲਾਂਜਲੀ ਦੇਣ ਲਈ ਘੱਟੋ-ਘੱਟ ਪਹਿਲਾ ਕਦਮ ਪੁੱਟਣ ਦਾ ਹੀ ਐਲਾਨ ਕਰ ਦਿੱਤਾ ਜਾਂਦਾ ਕਿ ਅੱਜ ਤੋਂ ਬਾਅਦ ਕੋਈ ਵੀ ਸਿੱਖ ਆਪਣੇ ਨਾਂ ਨਾਲ ਜਾਤੀ ਪੂਛ ਨਹੀਂ ਲਾਵੇਗਾ। ਮੰਨਿਆ ਕਿ ਇਸ ਜਾਤੀਵਾਦ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਪਰ ਇਹ ਛੋਟਾ ਜਿਹਾ ਮਹੱਤਵਪੂਰਨ ਪਹਿਲਾ ਕਦਮ ਬਾਬਾ ਨਾਨਕ ਦੀ ਸੋਚ ਪਕੜ ਕੇ ਸਹੀ ਦਿਸ਼ਾ ਵੱਲ ਜਾਣ ਦੀ ਤਸੱਲੀ ਤਾਂ ਜ਼ਰੂਰ ਦਿੰਦਾ।

ਯਾਦ ਰਹੇ ਕਿਸੇ ਸੰਸਥਾ ਜਾਂ ਵਿਅਕਤੀਗਤ ਤੌਰ 'ਤੇ ਪੁੱਟਿਆ ਸਹੀ ਇਕ ਕਦਮ ਹੀ ਕਿਸੇ ਵੇਲੇ ਕਾਫਲਾ ਬਣਨ ਦੀ ਤਾਕਤ ਰੱਖਦਾ ਹੁੰਦਾ ਹੈ। ਵੱਡੇ ਤੋਂ ਵੱਡਾ, ਲੰਮੇ ਤੋਂ ਲੰਮਾ ਸਫ਼ਰ ਵੀ ਪਹਿਲੇ ਇਕ ਕਦਮ ਨਾਲ ਹੀ ਸ਼ੁਰੂ ਹੁੰਦਾ ਹੈ। ਇਹੀ ਸਹੀ ਤੇ ਪਹਿਲਾ ਕਦਮ ਜੇ ਮਨੁੱਖਤਾ ਨੂੰ ਸਮਰਪਿਤ ਹੋਵੇ, ਸਾਂਝੀਵਾਲਤਾ ਦਾ ਲਖਾਇਕ ਹੋਵੇ ਤਾਂ ਇਹ ਇਕ ਦਿਨ ਦੇਸ਼ ਤੇ ਸਮਾਜ ਦੀ ਮਜ਼ਬੂਤੀ ਦਾ ਜਾਮਨੀ ਵੀ ਬਣ ਸਕਦਾ ਹੈ। ਇਹੀ ਤਾਂ ਹੈ ਗੁਰੂ ਨਾਨਕ ਦਾ ਰਾਹ।

ਸਿੱਖੀ ਦੀਆਂ ਵਰਤਮਾਨ ਸੰਸਥਾਵਾਂ ਤੋਂ ਕੋਈ ਉਮੀਦ ਨਹੀਂ ਹੈ ਕਿ ਉਹ ਗੁਰੂ ਨਾਨਕ ਦੀ ਸੋਚ ਨੂੰ ਅੱਗੇ ਵਧਾਉਣਗੀਆਂ। ਆਓ ਅਸੀਂ ਨਿੱਜੀ ਤੌਰ 'ਤੇ ਹੀ ਸੰਕਲਪ ਲੈ ਲਈਏ ਕਿ ਬਾਬਾ ਨਾਨਕ ਅਸੀਂ ਸਾਢੇ ਪੰਜ ਸੌ ਸਾਲ ਸੁੱਤਿਆਂ ਲੰਘਾ ਦਿੱਤੇ, ਤੁਹਾਨੂੰ ਸਮਝ ਨਹੀਂ ਸਕੇ। ਸਮਝਣਾ ਤਾਂ ਇਕ ਪਾਸੇ ਅਸੀਂ ਤਾਂ ਤੁਹਾਡੇ ਜਨਮ ਦਿਨ ਦੀ ਹਾਲੇ ਤੱਕ ਸਹੀ ਤਰੀਕ ਵੀ ਨਹੀਂ ਮਿੱਥ ਸਕੇ, ਨਾ ਅਸੀਂ ਆਪਣੀ ਰੋਜ਼ਾਨਾ ਅਰਦਾਸ ਹੀ ਤੁਹਾਡੀ ਸੋਚ ਅਨੁਸਾਰ ਢਾਲ ਸਕੇ ਹਾਂ, ਅਸੀਂ ਇਸ ਲਈ ਗੁਨਾਹਗਾਰ ਹਾਂ ਤੇ ਮਾਫੀ ਦੇ ਜਾਚਕ ਹਾਂ। ਪਰ ਹੁਣ ਅਸੀਂਅੱਗੋਂ ਆਪਣੇ ਜਾਗੇ ਹੋਣਦਾ ਸਬੂਤ ਜ਼ਰੂਰ ਦੇਵਾਂਗੇ।

# ਫਰਿਜ਼ਨੋ ਸ਼ਹਿਰ ਦੀ ਰੂਹੇਰਵਾਂ ਗੁੱਡੀ ਸਿੱਧੂ ਨੂੰ ਸ਼ਰਧਾਂਜਲੀ

ਜਸਵੀਰ ਕੌਰ ਸਿੱਧੂ ਅਚਾਨਿਕ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਈ ਹੈ। ਉਸ ਨੂੰ ਮੈਂ ਹਮੇਸ਼ਾ 'ਗੁੱਡੀ ਭੈਣ ਜੀ' ਕਹਿ ਕੇ ਮੁਖਾਤਿਵ ਹੁੰਦਾ ਸੀ ਕਿਉਂਕਿ, ਉਸ ਦੇ ਪਰਵਾਰ ਨਾਲ ਮੇਰੀ ਸਾਂਝ 30-35 ਵਰ੍ਹੇ ਪੁਰਾਣੀ ਹੈ। ਗੁੱਡੀ ਸਿੱਧੂ ਅਤੇ ਉਸ ਦੇ ਪਤੀ ਡਾ. ਗੁਰਚਰਨ ਸਿੰਘ ਸਿੱਧੂ (ਗੁਰੀ) ਨਾਲ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਸੀ। ਦੋਹਾਂ ਦਾ ਪੰਜਾਬ ਸਾਹਿਤ ਅਤੇ ਸੰਗੀਤ ਨਾ ਬਹੁਤ ਮੋਹ ਸੀ; ਉਨ੍ਹਾਂ ਦੇ ਘਰ ਅਕਸਰ ਸਾਹਿਤਕ ਅਤੇ ਸੰਗੀਤਕ ਮਹਿਫਲਾਂ ਸਜਦੀਆਂ ਸਨ। ਗੁੱਡੀ ਸਿੱਧੂ ਬਹੁਤ ਹੀ ਆਰਟਿਸਟਿਕ ਸੁਭਾ ਦੀ ਖੁਸ਼ਗਵਾਰ ਸਖਸ਼ੀਅਤ ਸੀ। ਮਹਿਫਲ ਵਾਲੇ ਦਿਨ ਉਹ ਪੰਜਾਬੀ ਕਵੀਆਂ ਦੀਆਂ ਕਾਵਿ-ਟੁਕੜੀਆਂ ਨੂੰ ਹੱਥ ਨਾਲ ਲਿਖ ਕੇ ਘਰ ਦੇ ਬੂਹੇ 'ਤੇ ਲਟਕਾਉਂਦੀ ਤੇ ਕੰਧਾਂ ਨਾਲ ਚਿਪਕਾਉਂਦੀ। ਉਸ ਦਾ ਘਰ ਪੁਸਤਕਾਂ ਅਤੇ ਸੰਗੀਤ ਦੀਆਂ ਕੈ-ਸਿਟਾਂ ਤੇ ਸੀਡੀਆਂ ਨਾਲ ਭਰਿਆ ਰਹਿੰਦਾ। ਕੋਈ ਨਵੀਂ ਪੁਸਤਕ ਜਾਂ ਸੀ. ਡੀ. ਬਾਜ਼ਾਰ ਵਿਚ ਆਉਂਦਿਆਂ ਸਾਰ ਉਸ ਦੀ ਅਲਮਾਰੀ ਵਿਚ ਸੋਹਭ ਜਾਂਦੀ। ਮੈਂ ਪੁਛਦਾ, 'ਗੁੱਡੀ ਭੈਣ ਜੀ, ਤੁਸੀਂ ਟੀ. ਵੀ. ਰੇਡੀਓ, ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਵਿਚ ਐਨੇ ਰੁੱਝੇ ਰਹਿੰਦੇ ਹੋ, ਤੁਹਾਨੂੰ ਪੁਸਤਕਾਂ ਤੇ ਸੀਡੀਆਂ ਨੂੰ ਪੜ੍ਹਨ-ਸੁਣਨ ਦਾ ਮੋਕਾ ਕਦੋਂ ਮਿਲਦਾ ਹੈ?'। ਉਹ ਆਖਦੀ, 'ਗੁਰਮੇਲ, ਮੇਰੇ ਅਤੇ ਗੁਰੀ ਹੋਰਾਂ ਦੇ ਸ਼ੌਕ ਬਹੁਤ ਮਿਲਦੇ ਹਾਂ, ਅਸੀਂ ਸ਼ਾਮ ਨੂੰ ਇਕੱਠੇ ਬਹਿ ਕੇ ਸੰਗੀਤ ਸੁਣਦੇ ਹਾਂ ਅਤੇ ਕਿਸੇ ਅਛੀ ਪੁਸਤਕ ਬਾਰੇ ਗੱਲਬਾਤ ਵੀ ਕਰਦੇ ਹਾਂ'।




ਗੁੱਡੀ ਸਿਧੂ ਦੇ ਘਰ ਦਾ ਬੂਹਾ ਸੰਗੀਤਕ ਅਤੇ ਸਾਹਿਤਕ ਮਹਿਫਲਾਂ ਲਈ ਹਰ ਵੇਲੇ ਖੁੱਲ੍ਹਾ ਰਹਿੰਦਾ ਸੀ। ਗ਼ਜ਼ਲ ਤੇ ਗੀਤ ਗਾਇਕ ਸੁਰਜੀਤ ਜ਼ੀਰਵੀ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀਆਂ ਮਹਿਫਲਾਂ ਗੁੱਡੀ ਸਿੱਧੂ ਦੇ ਘਰ ਸਜੀਆਂ।

ਮੇਰੇ ਰਸੂਖ ਨਾਲ ਪ੍ਰਸਿੱਧ ਗ਼ਜ਼ਲ ਗਾਇਕ ਜਗਜੀਤ ਸਿੰਘ ਪਹਿਲੀ ਵਾਰ ਫਰੈਜ਼ਨੋ ਵਿਚ ਪ੍ਰੋਗਰਾਮ ਕਰਨ ਆਇਆ ਤਾਂ ਗੁੱਡੀ ਸਿੱਧੂ ਨੇ ਮੂਹਰੇ ਹੋਕੇ ਫੰਡ ਇਕੱਠੇ ਕਰਨ ਵਿਚ ਮਦਦ ਕੀਤੀ। ਦੂਜੀ ਵਾਰ ਜਗਜੀਤ ਆਇਆ ਤਾਂ ਪ੍ਰੋਗਰਾਨ ਦੀ ਸ਼ੁਰੂਆਤ ਉਸ ਨੇ ਕੀਤੀ। ਮੰਨਾ ਡੇ ਵਰਗੇ ਕੁਸ਼ਲ ਫਿਲਮੀ ਗਾਇਕ ਦਾ ਪ੍ਰੋਗਰਾਮ ਅਯੋਜਤ ਕੀਤਾ। ਕਈ ਸਾਹਿਤਕਾਰਾਂ ਤੇ ਕਵੀਆਂ ਲਈ ਘਰ ਵਿਚ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਜਿਨ੍ਹਾਂ ਵਿਚ ਸੁਰਜੀਤ ਪਾਤਰ, ਰਵਿੰਦਰ ਰਵੀ ਅਤੇ ਲਾਹੌਰ ਤੋਂ ਆਏ ਇਲਆਸ ਘੁੰਮਣ ਆਦਿ ਸ਼ਾਮਿਲ ਸਨ।

ਗੁੱਡੀ ਸਿੱਧੂ ਨੇ ਫਰੈਜ਼ਨੋ ਵਿਚ, ਗੁਰਪ੍ਰੀਤ ਨਾਲ ਮਿਲ ਕੇ, ਪੰਜਾਬੀ ਟੀ.ਵੀ. ਦਾ ਪ੍ਰੋਗਰਾਮ ਸ਼ੁਰੂ ਕੀਤਾ। ਤੀਆਂ ਦਾ ਤਿਉਹਾਰ ਸ਼ੁਰੂ ਕਰਨ ਵਿਚ ਪਹਿਲ ਕਦਮੀ ਕੀਤੀ। ਗੁੱਡੀ ਰਾਣੋ ਨਾਲ ਮਿਲ ਕੇ ਗੁਰਦੁਆਰੇ ਵਿਚ, ਬੱਚਿਆਂ ਦੇ ਸਕੂਲ ਦਾ ਪ੍ਰਬੰਧ ਕੀਤਾ। ਪੰਜਬੀ ਭਾਈਚਾਰੇ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਦੀ ਰਹਿਨੁਮਾ ਬਣੀ। ਜੇ ਇਹ ਕਿਹਾ ਜਾਵੇ ਕਿ ਫਰੈਜ਼ਨੋ ਸ਼ਹਿਰ ਵਿਚ ਗੁੱਡੀ ਸਿੱਧੂ ਪਹਿਲਕਦਮੀਆਂ ਕਰਨ ਵਿਚ ਸੱਭ ਤੋਂ ਅੱਗੇ ਸੀ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਸ ਦੁਨੀਆਂ 'ਚੋਂ ਰੁਖਸਤ ਹੋਣ ਤੋਂ ਪਹਿਲਾਂ ਗੁੱਡੀ ਸਿੱਧੂ ਨੂੰ ਘਰ ਨੂੰ ਮੁਖਾਤਿਵ ਹੋਣ ਦੀ ਮੋਹਲਤ ਨਾ ਮਿਲੀ। ਹੁਣ ਉਸ ਨੇ ਕਦੇ ਘਰ ਨਹੀਂ ਪਰਤਣਾ। ਘਰ ਦੀਆਂ ਬੂਹੇ ਬਾਰੀਆਂ, ਪੁੱਸਤਕਾਂ ਤੇ ਸੰਗੀਤ ਨਾਲ ਭਰੀਆਂ ਅਲਮਾਰੀਆਂ, ਉਸ ਦੇ ਪੋਟੀਆਂ ਦੀ ਛੋਹ ਨੂੰ ਤਰਸਣਗੀਆਂ। ਸੱਭ ਤੋਂ ਵੱਧ ਤਰਸਣਗੇ ਉਸ ਦੇ ਧੀਆਂ ਪੁੱਤ ਤੇ ਖਾਸ ਕਰਕੇ ਜੀਵਨ ਸਾਥੀ ਗੁਰਚਰਨ ਸਿੱਧੂ ।

ਗੁੱਡੀ ਭੈਣ, ਅਲਵਿਦਾ ਅਲਵਿਦਾ!! ਅਲਵਿਦਾ!!!

**– ਗੁਰੂਮੇਲ ਸਿੱਧੂ**

# ਗੁਰੂਮੇਲ ਸਿੱਧੂ ਦੇ 'ਸ਼ਬਦਾਂ ਦਾ ਸਫ਼ਰ' ਕਰਦਿਆਂ



**ਸੁਰਿੰਦਰ ਸੋਹਲ**

ਗੁਰੂਮੇਲ ਸਿੱਧੂ ਦੀ ਕਾਵਿ-ਪੁਸਤਕ 'ਸ਼ਬਦਾਂ ਦਾ ਸਫ਼ਰ' ਮੈਨੂੰ ਮੁੱਲ ਨਹੀਂ ਖ਼ਰੀਦਣੀ ਪਈ। ਸਤੀਸ਼ ਗੁਲਾਟੀ ਨਿਊਯਾਰਕ ਫੇਰੀ ਦੌਰਾਨ ਕਿਤਾਬਾਂ ਦੇ ਦੋ ਵੱਡੇ ਬਕਸੇ ਮੇਰੇ ਕੋਲ ਅਮਾਨਤ ਦੇ ਤੌਰ 'ਤੇ ਰੱਖਿਆ ਗਿਆ ਸੀ। ਮੈਂ ਅਮਾਨਤ ਵਿਚ ਖ਼ਿਆਨਤ ਕਰ ਕੇ ਇਕ ਬਕਸੇ ਵਿੱਚੋਂ ਇਹ ਕਿਤਾਬ 'ਚੋਰੀ' ਕੀਤੀ ਹੈ।

ਗੁਰੂਮੇਲ ਸਿੱਧੂ ਨੂੰ ਮੈਂ ਸਤੀਸ਼ ਗੁਲਾਟੀ ਨਾਲ ਇਕ ਹੋਟਲ ਵਿਚ ਮਿਲਿਆ। ਉਸ ਨੇ ਕਿਹਾ ਸੀ, ''ਸਾਡੇ ਵਿਚ ਇਕ ਬਹੁਤ ਭੈੜਾ ਰਿਵਾਜ ਪੈ ਗਿਆ ਹੈ ਕਿਤਾਬਾਂ ਭੇਂਟ ਕਰਨ ਦਾ। ਇਹ ਛੱਡਣਾ ਚਾਹੀਦਾ ਹੈ।''

ਉਸ ਦਿਨ ਤੋਂ ਬਾਦ ਮੈਂ ਆਪਣੇ ਮਨ ਵਿਚ ਹੀ ਪ੍ਰਣ ਕੀਤਾ ਸੀ ਕਿ ਮੈਂ ਵੀ ਅੱਜ ਤੋਂ ਬਾਅਦ ਕਿਸੇ ਨੂੰ ਕਿਤਾਬ 'ਪਿਆਰ ਸਹਿਤ' ਭੇਂਟ ਨਹੀਂ ਕਰਾਂਗਾ। (ਭਾਵੇਂ ਮੈਂ ਇਹ ਪ੍ਰਣ ਨਿਭਾਅ ਨਹੀਂ ਸਕਿਆ) ਇਕ ਸ਼ੁਕਰ ਦੀ ਗੱਲ ਇਹ ਹੈ ਕਿ ਸਿੱਧੂ ਹੋਰਾਂ ਨੇ ਇਹ ਨਹੀਂ ਸੀ ਕਿਹਾ ਕਿ ਸਾਨੂੰ ਕਿਤਾਬ ਚੋਰੀ ਕਰ ਕੇ ਵੀ ਨਹੀਂ ਪੜ੍ਹਨੀ ਚਾਹੀਦੀ। ਇਸੇ ਗੱਲ ਦਾ ਫ਼ਾਇਦਾ ਚੁੱਕ ਕੇ ਮੈਂ ਉਹਨਾਂ ਦੀ ਕਿਤਾਬ ਚੋਰੀ ਕਰ ਲਈ।

'ਦੁਬਿਧਾ', 'ਬੇਚੈਨ ਸਦੀ', 'ਅਪੈਰੀਆਂ ਵਾਟਾਂ', 'ਸਿਫ਼ਰ ਸਿਫ਼ਰ' ਅਤੇ 'ਸੁਰਖ਼ੀਆਂ' ਕਾਵਿ-ਸੰਗ੍ਰਹਿਆਂ ਦਾ ਗੁਲਦਸਤਾ ਹੈ 'ਸ਼ਬਦਾਂ ਦਾ ਸਫ਼ਰ'। ਇਹਨਾਂ ਵਿੱਚੋਂ 'ਸੁਰਖ਼ੀਆਂ' ਤਾਂ ਮੈਂ ਹਿੰਦੋਸਤਾਨ ਰਹਿੰਦਿਆਂ ਹੀ ਪੜ੍ਹੀ ਹੋਈ ਸੀ।

ਗੁਰੂਮੇਲ ਸਿੱਧੂ ਕਿੱਤੇ ਵਜੋਂ ਵਿਗਿਆਨੀ ਤੇ ਸੁਭਾਅ ਪੱਖੋਂ ਸ਼ਾਇਰ ਹੈ। ਜਾਂ ਕਹਿ ਲਵੋ ਉਹ ਦਿਮਾਗ਼ ਪੱਖੋਂ ਘੋਖੀ, ਪੜਚੋਲੀਆ ਹੈ ਤੇ ਦਿਲ ਪੱਖੋਂ ਕਵੀ। ਨਿਰਾ ਕਵੀ ਹੀ ਨਹੀਂ ਸਰੋਦੀ ਸੁਰ ਵਾਲਾ ਕਵੀ। ਉਸ ਦੀ ਕਵਿਤਾ ਸਰੋਦ ਨਾਲ ਏਨੀ ਲਬਰੇਜ਼ ਹੈ ਕਿ ਉਸ ਦੀ ਕਵਿਤਾ ਦਾ ਸੰਗੀਤਮਈ ਵਹਾ ਦਿਲ ਵਿਚ ਉਤਰਦਾ ਜਾਂਦਾ ਹੈ, ਸਹਿਜੇ ਸਹਿਜੇ। ਉਸ ਦੀ ਖੁੱਲ੍ਹੀ ਕਵਿਤਾ ਵਿੱਚੋਂ ਵੀ ਕਾਵਿਕ-ਵਹਾਅ ਮਨਫ਼ੀ ਨਹੀਂ ਹੁੰਦਾ। ਭਾਵੇਂ ਉਸ ਨੇ ਕੁਝ ਇਕ ਰਚਨਾਵਾਂ ਨੂੰ ਹੀ 'ਗੀਤ' ਸਿਰਲੇਖ ਹੇਠ ਲਿਖਿਆ ਹੈ, ਪਰ ਪ੍ਰਗੀਤ ਉਸ ਦੀ ਰਚਨਾ ਵਿਚ ਥਾਂ ਪਰ ਥਾਂ ਹਾਜ਼ਰ ਹੈ।

ਖਾਣ ਅਸਾਡਾ ਗ਼ਮ ਵੇ
ਤੇ ਪੀਣ ਝੁਰੇਵਾਂ
ਵੇਖ ਅਸਾਡੇ ਰੂਪ ਨੂੰ
ਤੁਸੀਂ ਦੀਦੇ ਠਾਰੋਂ (ਪੰਨਾ 19)

ਕਿੱਤ ਬਿੱਧ ਮਾਰ ਲਵਾਂ-
ਮਹਿਕਾਂ ਤਾਈਂ ਜੰਦਰੇ ਨੀ
ਮਹਿਕਾਂ ਤਾਂ ਨੀ ਬੰਨ੍ਹ ਵੀ ਨਾ ਹੋਣ।
ਅੰਬਰਾਂ ਦੀ ਚਾਦਰ 'ਚ
ਬੰਨ੍ਹ ਬੰਨ੍ਹ ਦੇਖੀਆਂ
ਫੇਰ ਵੀ ਇਹ ਤਿੱਪ ਤਿੱਪ ਚੋਣ (ਪੰਨਾ 25)

ਕਿਹੜੀ ਅਰਥੀ ਮਾਂ ਜਾਏ ਦੀ
ਕਿਹੜੀ ਸਿਰ ਦੇ ਸਾਈਆਂ
ਅੱਖੀਂ ਮੁੱਕੀਆਂ ਦੇ ਦੇ ਰੋਈਆਂ
ਨਣਦਾਂ ਤੇ ਭਰਜਾਈਆਂ

ਗੁਰੂਮੇਲ ਸਿੱਧੂ ਦੇ ਸ਼ਬਦਾਂ ਵਿਚ-

'ਇਕ ਆਤਮ ਸੰਪੰਨ ਕਵਿਤਾ ਵਿਚ ਵਿਸ਼ਾ, ਰੂਪ ਤੇ ਤੋਲ ਇਕ ਦੂਜੇ ਵਿਚ ਘਿਉ ਖਿਚੜੀ ਹੋਣੇ ਚਾਹੀਦੇ ਹਨ। ਵਿਸ਼ਾ ਖ਼ਿਆਲ ਦੇ ਮੂਡ ਅਨੁਸਾਰ ਰੂਪ ਧਾਰਦਾ ਹੈ ਅਤੇ ਰੂਪ ਮੇਚਵੇਂ ਤੋਲ ਨੂੰ ਜਨਮ ਦਿੰਦਾ ਹੈ। ਜੇ ਵਿਸ਼ਾ ਭਾਵੁਕ ਹੈ ਤਾਂ ਉਸ ਦਾ ਗੀਤਕ ਜਾਂ ਪ੍ਰਗੀਤਕ ਰੂਪ ਢੁਕਵਾਂ ਰਹੇਗਾ, ਜਿਸ ਦਾ ਤੋਲ ਲੋਕ ਗੀਤਾਂ ਦੇ ਛੰਦਾਂ ਦੇ ਇਰਦ-ਗਿਰਦ ਵਿਚਰੇਗਾ...।' (ਪੰਨਾ 14)

ਇਹ ਧਾਰਣਾ ਸਿੱਧੂ-ਕਾਵਿ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਪੰਜਵੇਂ ਹਿੱਸੇ (ਸੁਰਖ਼ੀਆਂ) ਦਾ ਰਚਨਾ ਕਾਲ ਪੰਜਾਬ ਵਿਚ ਇਕ ਦਹਾਕਾ ਦੇ ਕਰੀਬ ਝੁੱਲੇ ਝੱਖੜ ਦਾ ਹੈ, ਉਸ ਦੁਖਾਂਤ ਵਿੱਚੋਂ ਪੈਦਾ ਹੋਈ ਉਸ ਦੀ ਢੇਰ ਸਾਰੀ ਰਚਨਾ ਪ੍ਰਗੀਤਕ ਸੁਭਾਅ ਵਾਲੀ ਹੈ। ਭਾਵੇਂ ਉਸ ਨੇ ਬਹੁਤੀਆਂ ਰਚਨਾਵਾਂ ਨੂੰ 'ਗ਼ਜ਼ਲ' ਸਿਰਲੇਖ ਨਹੀਂ ਦਿੱਤਾ, ਪਰ ਉਹ ਰਚਨਾਵਾਂ ਉਸ ਸਿਨਫ਼ ਦੇ ਨੇੜਲੀਆਂ ਜ਼ਰੂਰ ਹਨ, ਭਾਵੇਂ ਨਿਰੋਲ ਗ਼ਜ਼ਲਾਂ ਨਹੀਂ-

ਗਾਰਦ ਲੈ ਕੇ ਤੁਰਦੇ ਘਰ ਤੋਂ
ਲੀਡਰ ਦੇਸ਼ ਸੁਤੰਤਰ ਦੇ।
ਕਿੰਨੇ ਹਨ ਸੁਰੱਖਿਅਤ ਯਾਰੋ
ਲੋਕੀਂ ਪਰਜਾਤੰਤਰ ਦੇ।
(ਪੰਨਾ 232)

ਭਿਣਕ ਮੇਰਿਆਂ ਸ਼ਿਅਰਾਂ ਦੀ
ਜੇਕਰ ਦਰਬਾਰੇ ਪਹੁੰਚ ਗਈ
ਮੈਂ ਵੀ ਸ਼ਾਇਦ ਬਣ ਜਾਵਾਂਗਾ
ਮੁੱਖੜਾ ਕੱਲ੍ਹ ਦੀਆਂ ਖ਼ਬਰਾਂ
ਦਾ। (ਪੰਨਾ 231)



Surinder Sohal, Gurumail Sidhu & Ravinder Sahraa

ਸਵਾਲ-
ਅਜੇ ਵੀ ਸੱਜ-ਵਿਆਹੀਆਂ
ਨਾਰਾਂ
ਔਸੀਆਂ ਪਾਉਂਦੀਆਂ
ਹੋਣਗੀਆਂ?
ਘਰ ਮੁੜਦੇ ਢੋਲੇ ਦੇ ਰਾਹੀਂ
ਨੈਣ ਵਿਛਾਉਂਦੀਆਂ ਹੋਣਗੀਆਂ?

ਜਵਾਬ-
ਨਾ ਕੋਈ ਔਸੀਆਂ ਪਾਉਂਦਾ ਹੈ
ਨਾ ਰਾਹੀਂ ਨੈਣ ਵਿਛਾਉਂਦਾ ਏ।
ਵਿਰਲਾ ਵਿਰਲਾ ਕਰਮਾਂ ਵਾਲਾ
ਮੁੜ ਕੇ ਘਰ ਨੂੰ ਆਉਂਦਾ ਹੈ। (ਪੰਨਾ 245)

ਸਿੱਧੂ-ਕਾਵਿ ਵਿਚ ਬੇਬਸੀ, ਬੇਚੈਨੀ, ਦੁਬਿਧਾ, ਲਘੂਤਾ, ਸਮੇਂ ਦੀ ਸਾਜ਼ਿਸ਼, ਚੁੱਪ ਦੀ ਭਿਆਨਕਤਾ, ਹਉਮੈਂ, ਆਤਮ, ਘਰ ਆਦਿ ਵਾਰ-ਵਾਰ ਵੱਖਰੀਆਂ-ਵੱਖਰੀਆਂ ਸ਼ੇਡਾਂ ਵਿਚ ਵਿਦਮਾਨ ਹਨ-

ਅਜੇ ਤਾਂ ਦੁਬਿਧਾ ਖੇਖਨਹਾਰੀ
ਸਿਰ ਇਹਦੇ ਚਾਨਣ ਦੀ ਖਾਰੀ
ਪਤਾ ਨਹੀਂ ਕਦ ਭੁਰ ਕਿਰ ਜਾਵੇ
ਇਹਦਾ ਘਿਉ ਕਪੂਰੀ ਬੂਰ। (ਪੰਨਾ 21)

ਮਨ ਦੀ ਦੁਬਿਧਾ
ਕਿਵੇਂ ਲੁਕਾਵਾਂ?
ਵਹਿਮ ਏਸ ਦਾ
ਕਿਵੇਂ ਮਿਟਾਵਾਂ?
ਸ਼ੰਕੇ ਨੇ ਦੋਏ
ਨੱਥ ਬਿਠਾਏ-
ਚੇਤਨ ਅਤੇ ਅਚੇਤ...।
(ਪੰਨਾ 68)

'ਬੇਚੈਨੀ' ਨਾਂ ਦੀ ਕਵਿਤਾ ਦੀਆਂ ਇਹ ਸਤਰਾਂ ਦਿਮਾਗ਼ ਨੂੰ ਝੰਜੋੜਦੀਆਂ ਹਨ-

ਦੇਹ ਨੂੰ ਬਿਸਤਰ ਪਾਸ
ਅਮਾਨਤ ਧਰ ਕੇ
ਮਨ ਦਾ ਚੈਨ ਵਿਹਾਜਣ ਖ਼ਾਤਰ
ਸੋਚ-ਸਫ਼ਰ 'ਤੇ ਤੁਰ ਪੈਂਦਾ ਹਾਂ।
(ਪੰਨਾ 39)

ਬੇਬਸੀ ਦੀ ਮੰਜ਼ਰਕਸ਼ੀ ਦੇਖੋ-

ਢੋ ਢੋ ਕੇ ਕਰਮਾਂ ਦਾ ਭਾਰ
ਮੇਰੇ ਆਤਮ ਦੇ ਕੰਧੇ
ਛਿਲ ਗਏ ਹਨ
ਤਾਂ ਵੀ ਤੁਸੀਂ
ਮੈਨੂੰ ਕੁਕਰਮੀ ਆਖਦੇ
ਹੋ (ਪੰਨਾ 104)

ਸ਼ਾਇਰ ਵਕਤ ਦੀ ਸਾਜ਼ਿਸ਼ ਦਾ ਸ਼ਿਕਾਰ ਬੇਵੱਸ ਹੋਇਆ ਕਦੇ-ਕਦੇ ਆਪਣੇ-ਆਪ ਨੂੰ 'ਨੀਲਕੰਠ' ਸਮਝਣ ਲਈ ਮਜਬੂਰ ਹੋ ਜਾਂਦਾ ਹੈ, ਜਿਸ ਨੇ ਨਫ਼ਰਤ, ਈਰਖਾ, ਦੁਸ਼ਮਣੀ, ਜ਼ਿੱਲਤ ਦਾ ਜ਼ਹਿਰ ਪੀ ਕੇ ਫ਼ਜ਼ਾ ਵਿਚ ਕੁਝ ਖ਼ੁਸ਼ਬੂ ਵਰਗਾ, ਕੁਝ ਅੰਮ੍ਰਿਤ ਵਰਗਾ ਭਰਨਾ ਹੈ-

ਅਪਣੀ ਅਪਣੀ ਵਿਹੁ ਦਾਗ ਕੇ
ਲੰਘਣ ਨੈਣ ਹਜ਼ਾਰਾਂ
ਹਰ ਇਕ ਵਿਹੁ ਮੈਂ ਅੰਮ੍ਰਿਤ ਵਾਂਗੂੰ
ਚੱਖਾਂ ਅਤੇ ਅਹਾਰਾਂ। (ਪੰਨਾ 107)

ਸਮੇਂ ਦੀ ਤੋਰ ਨੂੰ ਸਾਵੀਂ ਰੱਖਣ ਲਈ ਸ਼ਾਇਰ ਮਿੱਥ ਭੰਜਨ ਦਾ ਸਹਾਰਾ ਵੀ ਲੈਂਦਾ ਹੈ। ਉਸ ਲਈ ਇਹ ਮਹੱਤਵਪੂਰਨ ਹੀਂ ਕਿ ਸੇਧ ਰਾਮ ਦੇ ਸਕਦਾ ਹੈ ਕਿ ਰਾਵਣ, ਉਸ ਲਈ ਮਹੱਤਵਪੂਰਨ ਹੈ ਜਿਹੜਾ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਮਾਨਵ-ਭਲਾਈ ਲਈ ਵਰਤ ਸਕਦਾ ਹੈ, ਉਸੇ ਨੂੰ ਚਿਤਰਪਟ 'ਤੇ ਆਉਣਾ ਚਾਹੀਦਾ ਹੈ-

ਇਕ ਸਿਰ ਤੇ ਦਸ ਫ਼ਲਸਫ਼ੇ ਵਾਲਿਓ
ਸਿਰ ਕਿਸੇ ਲੰਕੇਸ਼ ਦਾ ਧੜ 'ਤੇ ਧਰੋ
ਅੱਜ ਪੈਦਾ ਹੋਰ ਕੋਈ ਰਾਵਣ ਕਰੋ
ਨਹੀਂ ਤਾਂ ਫਿਰ ਮੌਤੇ ਕੁੱਤੇ ਦੀ ਮਰੋ। (ਪੰਨਾ 114)

ਕਵਿਤਾ ਗੁਰੂਮੇਲ ਸਿੱਧੂ ਦੇ ਖ਼ੂਨ ਵਿਚ ਰਚੀ ਹੋਈ ਹੈ। ਕਦੇ-ਕਦੇ ਉਹ ਇਸ ਤਰ੍ਹਾਂ ਦੀਆਂ ਸਤਰਾਂ ਸਿਰਜ ਜਾਂਦਾ ਹੈ ਕਿ ਪਾਠਕ ਕਵਿਤਾ ਦੇ ਅਰਥਾਂ ਦੇ ਨਾਲ-ਨਾਲ, ਸ਼ਬਦਾਂ ਦਾ ਸੁਹਜ ਮਾਣਨ ਲਈ ਵੀ ਮਜਬੂਰ ਹੋ ਜਾਂਦਾ ਹੈ-

ਸ਼ਹਿਰ ਅੰਦਰ ਘੁਸਮੁਸਾ ਹੈ
ਅਲਫ਼ ਨੰਗਾ ਸਹਿਮ ਸਾਰੇ
ਸ਼ਹਿਰ ਵਿਚ
ਵਿਕਰਾਲ ਰੂਪੀ ਪਹਿਨ ਕੇ
ਚਿਹਰਾ
ਕਲੋਲਾਂ ਕਰ ਰਿਹਾ ਹੈ
ਮੌਨਧਾਰੀ
ਸਰਦਲਾਂ ਦੀ ਓਟ ਲੈ ਕੇ
ਦਸਤਕਾਂ ਦਾ ਧੜ ਪਿਆ ਹੈ
ਇਕ ਵੀ ਭੁੱਖੀ ਭਿਆਣੀ ਪੈਰ-ਚਾਪ
ਕੰਨ ਦੀ ਪ੍ਰਕਰਮਾ ਕਰਨ ਤੋਂ ਸਹਿਮਦੀ ਹੈ (ਪੰਨਾ 50)

ਪੰਜ ਕਾਵਿ-ਸੰਗ੍ਰਹਿ ਇਕੱਠੇ ਪੜ੍ਹਦਿਆਂ ਮੈਂ ਜਿਵੇਂ ਕਵਿਤਾ ਨਾਲ ਕਵਿਤਾ ਹੋ ਗਿਆ ਮਹਿਸੂਸ ਕਰ ਰਿਹਾ ਸਾਂ। ਪਤਾ ਨਹੀਂ ਇਹ ਮੇਰਾ ਆਪਣਾ ਕਵਿਤਾ ਨਾਲ ਨਿੱਜੀ ਮੋਹ ਸੀ ਜਾਂ ਗੁਰੂਮੇਲ ਦੇ ਸ਼ਬਦਾਂ ਦਾ ਜਾਦੂ।

'ਸ਼ਬਦਾਂ ਦਾ ਸਫ਼ਰ' ਕਰਦਿਆਂ ਕਰਦਿਆਂ ਇਕ ਨੁਕਤਾ ਸਹਿਜ-ਸੁਭਾਅ ਹੀ ਮੇਰੇ ਮਸਤਕ ਵਿਚ ਲਿਸ਼ਕਣ ਲੱਗ ਪਿਆ। ਇਕ ਵਾਰ ਪੰਜਾਬੀ ਦੇ ਇਕ ਲੇਖਕ ਨੇ ਮੈਨੂੰ ਕਿਹਾ ਸੀ ਕਿ ਹੁਣ ਅਸੀਂ 'ਙ' ਅਤੇ 'ਞ' ਅੱਖਰਾਂ ਦੀ ਵਰਤੋਂ ਨਹੀਂ ਕਰਦੇ। ਸਾਨੂੰ ਇਹ ਦੋਵੇਂ ਅੱਖਰ ਪੈਂਤੀ ਵਿੱਚੋਂ ਕੱਢ ਦੇਣੇ ਚਾਹੀਦੇ ਹਨ। ਭਾਵੇਂ ਮੈਂ ਉਸ ਲੇਖਕ ਨੂੰ ਕਹਿਣਾ ਚਾਹੁੰਦਾ ਸਾਂ ਕਿ ਜੇ ਅਸੀਂ ਇਹ ਦੋਵੇਂ ਅੱਖਰ ਪੈਂਤੀ ਵਿਚੋਂ ਕੱਢ ਦਿੱਤੇ ਤਾਂ ਅਸੀਂ ਗੁਰਮੁਖੀ ਲਿੱਪੀ ਦੇ ਪਹਿਲੇ ਪ੍ਰਮਾਣਿਕ ਗਰੰਥ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਏ ਇਹਨਾਂ ਅੱਖਰਾਂ ਨੂੰ ਕਿਵੇਂ ਪੜ੍ਹ ਸਕਾਂਗੇ? ਪ੍ਰੋ. ਮੋਹਣ ਸਿੰਘ ਦੀ ਕਵਿਤਾ ਅਤੇ ਹੋਰ ਕਵੀਆਂ ਦੀਆਂ ਰਚਨਾਵਾਂ ਦਾ ਆਨੰਦ ਕਿਵੇਂ ਮਾਣ ਸਕਾਂਗੇ, ਜਿਹਨਾਂ ਨੇ ਇਹਨਾਂ ਅੱਖਰਾਂ ਦੀ ਵਰਤੋਂ ਕੀਤੀ ਹੈ? ਪਰ ਉਹ ਲੇਖਕ ਮੇਰੇ ਤੋਂ ਉਮਰ, ਤਜਰਬੇ ਅਤੇ ਸਾਹਿਤਕ ਘਾਲਣਾ ਕਰ ਕੇ ਬਹੁਤ ਵੱਡਾ ਹੈ, ਮੈਂ ਚੁੱਪ ਕਰ ਗਿਆ। ਮੈਨੂੰ ਖ਼ੁਸ਼ੀ ਹੋਈ ਕਿ ਗੁਰੂਮੇਲ ਸਿੱਧੂ ਨੇ 'ਆਂਙਣ' (ਪੰਨਾ 30), 'ਇਞਾਣੀ' (ਪੰਨਾ 136), 'ਸੁੰਞੀਆਂ' (ਪੰਨਾ 209), 'ਸੰਞ' (ਪੰਨਾ 242), 'ਜੰਞੇ' (ਪੰਨਾ 247), 'ਤ੍ਰਿੰਞਣ' (249) ਸ਼ਬਦਾਂ ਵਿਚ 'ਙ' ਅਤੇ 'ਞ' ਅੱਖਰ ਵਰਤੇ ਹਨ।

ਗੁਰੂਮੇਲ ਸਿੱਧੂ 'ਖੁੱਲ੍ਹੀ ਕਵਿਤਾ ਦੇ ਮਾਪ-ਦੰਡ' ਕਿਤਾਬ ਲਿਖ ਚੁੱਕਾ ਹੈ। ਗੁਰਬਚਨ ਸਿੰਘ ਸਿੱਧੂ ਦੀ ਅੰਗਰੇਜ਼ੀ ਕਿਤਾਬ 'ਪੰਜਾਬ ਐਂਡ ਪੰਜਾਬੀਅਤ' ਦਾ ਪੰਜਾਬੀ ਵਿਚ ਖੁੱਲ੍ਹਾ ਅਨੁਵਾਦ 'ਪੰਜਾਬ ਦਾ ਵਿਰਸਾ-ਪੰਜਾਬ ਅਤੇ ਪੰਜਾਬੀ ਭਾਸ਼ਾ ਦਾ ਇਤਿਹਾਸ' ਕਰ ਚੁੱਕਾ ਹੈ। ਢੇਰ ਸਾਰੇ ਇਨਾਮ-ਸਨਮਾਨ ਯਾਫ਼ਤਾ ਇਹ ਪੰਜਾਬੀ ਸ਼ਾਇਰ 'ਜੀਵਨ ਅਤੇ ਕਲੋਨਿੰਗ' ਅਤੇ 'ਏਡਜ਼: ਇਕ ਨਮੁਰਾਦ ਬੀਮਾਰੀ' ਵਿਗਿਆਨਕ ਬਿਰਤੀ ਵਾਲੀਆਂ ਕਿਤਾਬਾਂ ਰਚ ਚੁੱਕਾ ਹੈ। ਸਾਇੰਸਦਾਨ ਤੇ ਸਾਹਿਤਕਾਰ। ਦੋ ਗੁਣ ਜਦੋਂ ਇਕ ਜਗ੍ਹਾ ਮਿਲਦੇ ਹਨ ਤਾਂ ਉਸੇ 'ਚੋਂ 'ਸ਼ਬਦਾਂ ਦਾ ਸਫ਼ਰ' ਦੀ ਸਿਰਜਣਾ ਹੁੰਦੀ ਹੈ। ਤੇ ਜੇ ਉੱਤੋਂ ਮੇਰੇ ਵਰਗਾ ਕਵਿਤਾ ਨੂੰ ਘੁੱਟੀਂ-ਘੁੱਟੀਂ ਪੀਣ ਦਾ ਸ਼ੌਕੀਨ ਹੋਵੇ ਤਾਂ ਸਮਾਂ ਹੀ ਬੱਝ ਜਾਂਦਾ ਹੈ। 'ਸ਼ਬਦਾਂ ਦਾ ਸਫ਼ਰ' 304 ਸਫ਼ਿਆਂ ਦਾ ਪਾਠ ਕਰ ਕੇ ਰੂਹ ਹਲਕੀ ਫੁੱਲ ਹੋ ਗਈ। ਦਿਲ ਹੀ ਦਿਲ ਵਿਚ ਮੈਂ ਸਤੀਸ਼ ਗੁਲਾਟੀ ਦਾ ਧੰਨਵਾਦ ਕੀਤਾ। ਭਾਵੇਂ ਮੈਂ ਗੁਰੂਮੇਲ ਸਿੱਧੂ ਦੀਆਂ ਰਚਨਾਵਾਂ ਗਾਹੇ-ਬਗਾਹੇ ਪੜ੍ਹੀਆਂ ਹੋਈਆਂ ਸਨ ਪਰ ਇਸ ਵਾਰ 'ਚੋਰੀ ਦਾ ਗੁੜ' ਕੁਝ ਜ਼ਿਆਦਾ ਹੀ ਮਿੱਠਾ ਲੱਗਿਆ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust




# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sales: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BERKSHIRE
HATHAWAY
Home Services
Elite Real Estate

# OFFICE: 7412 ELSIE AVE., SACRAMENTO, CA 95828

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ 2019 ਦਿਨ ਐਤਵਾਰ ਨੂੰ




**ਗੁਰੂ ਪਿਆਰੀ ਸਾਧ ਸੰਗਤ ਜੀਓ**

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

| | | |
|---|---|---|
| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ<br>11 ਅਕਤੂਬਰ 2019, ਦਿਨ ਸ਼ੁੱਕਰਵਾਰ<br>ਸਵੇਰੇ 10 ਵਜੇ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ<br>12 ਅਕਤੂਬਰ 2019 ਦਿਨ ਸ਼ਨਿੱਚਰਵਾਰ<br>ਸਵੇਰੇ 11.00 ਵਜੇ | ਪਾਠ ਦੇ ਭੋਗ<br>13 ਅਕਤੂਬਰ 2019 ਦਿਨ ਐਤਵਾਰ<br>ਸਵੇਰੇ 11.00 ਵਜੇ |

**12 ਵਜੇ ਤੋਂ ਸ਼ਾਮ 4 ਵਜੇ ਤੱਕ ਗੀਤ ਸੰਗੀਤ, ਕਥਾ ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।**
**ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਪ੍ਰਗਟ ਦਿਵਸ ਦੇ ਪ੍ਰੋਗਰਾਮ 'ਚ ਤਿੰਨੇ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ (11, 12 ਅਤੇ 13 ਅਕਤੂਬਰ) ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਦਾਨੀ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

**ਸੇਵਾਦਾਰ:-** ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੋਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ) ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।

**ਕਲਾਕਾਰ-** ਗਾਇਕਾ ਜਸਪਿੰਦਰ ਰੈਨ੍ਹਾ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਚ ਪਹੁੰਚ ਕੇ ਹਾਜ਼ਰੀ ਲਗਵਾਉਣਗੇ।
ਭੁਪਿੰਦਰ ਭਿੰਦਾ, ਜਸਬਿੰਦਰ ਮਦਾਰਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਬਲਬੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਜੀਵਨ ਰੱਤੂ, ਸੋਨੂੰ ਸਿੰਘ (ਢੋਲੀ), ਅੰਮ੍ਰਿਤਪਾਲ, ਗੁਰਦੀਪ ਸਿੰਘ ਹੀਰਾ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ ਸਹੋਤਾ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

**ਸਥਾਨ:- ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**